## ਅਣਅਧਿਕਾਰਤ/ਅਵੈਧ ਉਸਾਰੀ ਪਾਏ ਜਾਣ ਤੇ ਬਿਲਡਿੰਗ ਮਾਲਕਾਂ ਖਿਲਾਫ਼ ਕੀਤੀ ਜਾਵੇ ਕਾਰਵਾਈ- ਡਿਪਟੀ ਕਮਿਸ਼ਨਰ

ਰਣਜੀਤ ਸਿੰਘ ਮਸੌਣ/ਰਾਘਵ ਅਰੋੜਾ - ਅੰਮ੍ਰਿਤਸਰ 2 ਜਨਵਰੀ 2025-

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਆਮ ਜਨਤਾ ਦੀ ਜਾਨ ਮਾਲ ਦੀ ਰਾਖੀ ਸੁਨਿਸਚਿਤ ਕਰਨ ਲਈ ਹਦਾਇਤ ਜਾਰੀ ਕਰਦਿਆਂ ਕਮਿਸ਼ਨਰ ਨਗਰ ਨਿਗਮ, ਮੁੱਖ ਪ੍ਰਸ਼ਾਸਕ ਅੰਮ੍ਰਿਤਸਰ ਵਿਕਾਸ ਅਥਾਰਿਟੀ ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ/ਪੇਂਡੂ ਵਿਕਾਸ ਅਤੇ ਕਾਰਜ ਸਾਧਕ ਅਫ਼ਸਰ ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਨੂੰ ਕਿਹਾ ਹੈ ਕਿ ਆਪਣੇ ਆਪਣੇ ਅਧਿਕਾਰ ਖ਼ੇਤਰ ਵਿੱਖੇ ਪੈਂਦੇ ਏਰੀਏ ਵਿੱਚ ਬਿਨਾਂ ਪ੍ਰਵਾਨਗੀ /ਬਿਨਾਂ ਨਕਸ਼ਾ ਅਪਰੂਵ ਕਰਵਾਏ ਜਾਂ ਬਿਲਡਿੰਗ ਬਾਏਲਾਅਜ਼ ਦੀ ਉਲੰਘਣਾ ਕਰਕੇ ਬਿਲਡਿੰਗ ਦੀ ਉਸਾਰੀ ਕੀਤੀ ਜਾ ਰਹੀ ਹੈ ਦਾ ਸਰਵੇ ਕੀਤਾ ਜਾਵੇ ਅਤੇ ਜੇਕਰ ਮੌਕੇ ਤੇ ਅਣਅਧਿਕਾਰਤ /ਅਵੈਧ ਉਸਾਰੀ ਪਾਈ ਜਾਂਦੀ ਹੈ ਤਾਂ ਬਿਲਡਿੰਗ ਮਾਲਕਾਂ ਖਿਲਾਫ਼ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਤੋਂ ਬਚਿਆਂ ਜਾ ਸਕੇ।

ਉਨਾਂ ਦੱਸਿਆ ਕਿ ਪਿਛਲੇ ਦਿਨੀ ਪਿੰਡ ਸੋਹਾਨਾ ਜ਼ਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਇੱਕ ਬਹੁ ਮੰਜਿਲਾ ਇਮਾਰਤ ਦੇ ਅਚਾਨਕ ਢਹਿ ਜਾਣ ਕਾਰਨ ਕਾਫ਼ੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ।

ਉਨਾਂ ਕਿਹਾ ਕਿ ਅਜਿਹੀਆਂ ਬਿਲਡਿੰਗਾਂ ਪਲਾਨ ਅਪਰੂਵ ਕਰਵਾਏ ਜਾਂ ਬਿਲਡਿੰਗ ਬਾਏਲਾਅਜ਼ ਦੀ ਉਲੰਘਣਾ ਕਰਕੇ ਬਹੁ ਮੰਜਿਲ ਇਮਾਰਤਾਂ ਦੀ ਉਸਾਰੀ ਕਾਰਨ ਹੁੰਦਾ ਹੈ। ਉਨਾਂ ਦੱਸਿਆ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਅਨੁਸ਼ਾਸ਼ਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

## ਲੋੜਵੰਦਾਂ ਲਈ ਜ਼ਿਲ੍ਹੇ 'ਚ ਰੈਣ ਬਸੇਰੇ ਉਪਲਬੱਧ : ਡਾ. ਪ੍ਰੀਤੀ ਯਾਦਵ-ਕਿਹਾ, ਠੰਢ ਤੋਂ ਬਚਾਅ ਲਈ ਲੋੜਵੰਦ ਲੋਕ ਰਾਤ ਰਹਿਣ ਲਈ ਰੈਣ ਬਸਰਿਆਂ ਦੀ ਵਰਤੋਂ ਕਰਨ

Desi Punjab YouTube www.desipunjab.in

ਪਟਿਆਲਾ, 2 ਜਨਵਰੀ:

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਸ੍ਰੀ ਦੂਖਨਿਵਾਰਨ ਸਾਹਿਬ ਨੇੜੇ ਬਣੇ ਰੈਣ ਬਸੇਰੇ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਿਲ੍ਹੇ ਦੀਆਂ ਸਾਰੀਆਂ ਸਬ ਡਵੀਜ਼ਨਾਂ ਅੰਦਰ ਲੋੜਵੰਦਾਂ ਲਈ ਰੈਣ ਬਸੇਰੇ ਬਣਾਏ ਹਨ, ਜਿੱਥੇ ਠੰਢ ਦੇ ਇਸ ਮੌਸਮ ਵਿੱਚ ਸੜਕਾਂ ਕਿਨਾਰੇ ਰਾਤਾਂ ਗੁਜ਼ਾਰਨ ਵਾਲੇ ਬੇਘਰੇ ਤੇ ਲੋੜਵੰਦ ਲੋਕਾਂ ਨੂੰ ਰਾਤ ਸਮੇਂ ਸੌਣ ਲਈ ਬਿਸਤਰਾ ਤੇ ਸਿਰ 'ਤੇ ਛੱਤ ਸਮੇਤ ਹੋਰ ਲੋੜੀਂਦੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਉਨ੍ਹਾਂ ਰੈਣ ਬਸੇਰੇ ਵਿੱਚ ਰਹਿ ਰਹੇ ਲੋਕਾਂ ਨੂੰ ਕੰਬਲ ਵੰਡੇ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪਟਿਆਲਾ ਸ਼ਹਿਰ ਵਿੱਚ ਤਿੰਨ ਰੈਣ ਬਸੇਰੇ ਬਣਾਏ ਗਏ ਹਨ, ਜਿਸ ਵਿੱਚ ਇਕ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਨੇੜੇ ਖੰਡਾ ਚੌਂਕ ਨੇੜੇ ਰੈਣ ਬਸੇਰਾ ਬਣਾਇਆ ਗਿਆ ਹੈ। ਦੂਸਰਾ ਸ੍ਰੀ ਕਾਲੀ ਦੇਵੀ ਮੰਦਰ ਦੇ ਨੇੜੇ ਰੈਣ ਬਸੇਰਾ ਹੈ ਤੇ ਤੀਜਾ ਪੁਰਾਣੇ ਬੱਸ ਅੱਡੇ ਕੋਲ ਰੈਣ ਬਸੇਰਾ ਬਣਿਆ ਹੋਇਆ ਹੈ। ਜਿਨ੍ਹਾਂ ਵਿੱਚ ਸਾਰੀਆਂ ਬੁਨਿਆਂਦੀ ਸਹੂਲਤਾਵਾਂ ਉਪਲਬਧ ਕਰਵਾਈਆਂ ਗਈਆਂ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਸੁਯੰਕਤ ਕਮਿਸ਼ਨਰ ਨਗਰ ਨਿਗਮ ਬਬਨਦੀਪ ਸਿੰਘ ਤੇ ਰੈਡ ਕਰਾਸ ਦੇ ਸਕੱਤਰ ਪ੍ਰਿਤਪਾਲ ਸਿੰਘ ਵੀ ਮੌਜੂਦ ਸਨ।




ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਜ਼ਿਲ੍ਹੇ ਅੰਦਰ ਵੱਖ ਵੱਖ ਸ਼ਹਿਰਾਂ ਵਿੱਚ ਰੈਣ ਬਸੇਰੇ ਵੀ ਬਣਾਏ ਗਏ ਹਨ, ਜਿਸ ਤਰ੍ਹਾਂ ਰਾਜਪੁਰਾ ਵਿਖੇ ਟਾਊਨ ਹਾਲ ਵਿੱਚ ਰੈਣ ਬਸੇਰਾ ਸਥਾਪਤ ਕੀਤਾ ਗਿਆ ਹੈ, ਜਿੱਥੇ ਕਿ ਹਰਇੰਦਰ ਸਿੰਘ ਫੋਨ ਨੰਬਰ 98761-90921 ਨੂੰ ਨੋਡਲ ਅਫ਼ਸਰ ਲਾਇਆ ਗਿਆ ਹੈ। ਸਮਾਣਾ ਵਿਖੇ ਨੇੜੇ ਸੀਨੀਅਰ ਸਿਟੀਜ਼ਨ ਹੋਮ ਵਿਖੇ ਬਣਾਇਆ ਗਿਆ ਹੈ, ਜਿੱਥੇ ਸੈਨੇਟਰੀ ਇੰਸਪੈਕਟਰ ਹਰਵਿੰਦਰ ਕੁਮਾਰ, ਫੋਨ 96460-64512 ਨੂੰ ਨੋਡਲ ਅਫ਼ਸਰ ਬਣਾਇਆ ਗਿਆ ਹੈ।

ਜਦਕਿ ਨਗਰ ਕੌਂਸਲ ਸਨੌਰ ਵਿਖੇ ਰੈਣ ਬਸੇਰਾ ਕਮੇਟੀ ਦਫ਼ਤਰ ਵਿਖੇ ਬਣਾਇਆ ਗਿਆ ਹੈ, ਜਿਥੇ ਕੁਲਦੀਪ ਸਿੰਘ ਫੋਨ ਨੰਬਰ 99884-42919 ਨੂੰ ਨੋਡਲ ਲਗਾਇਆ ਗਿਆ ਹੈ, ਨਗਰ ਪੰਚਾਇਤ ਘੱਗਾ ਵਿਖੇ ਨਾਇਟ ਸ਼ੈਲਟਰ ਦਾ ਨੋਡਲ ਗੁਰਮੇਲ ਸਿੰਘ ਫੋਨ ਨੰਬਰ 98888-07090 ਲਗਾਇਆ ਹੈ, ਇਸੇ ਤਰ੍ਹਾਂ ਭਾਦਸੋਂ ਦੀ ਵਾਰਡ ਨੰਬਰ 8 ਵਿਖੇ ਅਨਾਇਬ ਸਿੰਘ ਫੋਨ ਨੰਬਰ 98885-18242 ਨਾਇਟ ਸ਼ੈਲਟਰ ਦਾ ਨੋਡਲ ਲਗਾਇਆ ਹੈ। ਇਸੇ ਤਰ੍ਹਾਂ ਘਨੌਰ ਵਿਖੇ ਨਾਇਟ ਸ਼ੈਲਟਰ ਬਣਾ ਕੇ ਪ੍ਰਿਤਪਾਲ ਸ਼ਰਮਾ ਫੋਨ ਨੰਬਰ 88377-96063 ਨੂੰ ਨੋਡਲ ਅਫ਼ਸਰ ਲਾਇਆ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੱਖ ਵੱਖ ਸ਼ਹਿਰਾਂ ਵਿੱਚ ਬਣੇ ਰੈਣ ਬਸੇਰਿਆਂ ਵਿਖੇ ਨਹਾਉਣ ਲਈ ਗਰਮ ਪਾਣੀ, ਫਸਟ ਏਡ ਕਿਟ, ਸਾਫ਼-ਸੁਥਰੇ ਬਿਸਤਰੇ, ਸੀ.ਸੀ.ਟੀ.ਵੀ. ਕੈਮਰੇ, ਆਰ.ਓ ਪਾਣੀ, ਸਾਫ਼ ਸਫਾਈ, ਟੁਲਾਇਟ ਤੋਂ ਇਲਾਵਾ ਸੁਰੱਖਿਆ ਦਾ ਵੀ ਇੰਤਜਾਮ ਹੈ।

## ਜਥੇਦਾਰ ਨਿਮਾਣਾ ਨੇ ਯਾਤਰਾ ਸਫਰ-ਏ-ਸ਼ਹਾਦਤ ਸਥਾਨਾਂ ਦੇ ਦਰਸ਼ਨਾਂ ਲਈ ਬੱਸਾਂ ਨੂੰ ਕੀਤਾ ਰਵਾਨਾ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਯਾਤਰਾ ਸਫਰ-ਏ-ਸ਼ਹਾਦਤ ਸੰਗਤਾਂ ਨੂੰ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾ ਕੇ ਗੁਰੂ ਸਾਹਿਬਾਨ ਦੇ ਦੱਸੇ ਮਾਰਗ ਤੇ ਚੱਲਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦਾ ਵੱਡਾ ਉਪਰਾਲਾ ਲੰਬੇ ਸਮੇ ਤੋਂ ਸਮਾਜ ਸੇਵੀ ਮਨਵਿੰਦਰ ਸਿੰਘ ਲੱਕੀ ਵੱਲੋਂ ਕੀਤਾ ਜਾ ਰਿਹਾ ਹੈ। ਇਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱ੍ਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਨੇ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬ, ਜਵਾਹਰ ਨਗਰ, ਲੁਧਿਆਣਾ ਵਿਖੇ ਕੀਤਾ। ਇਸ ਮੌਕੇ ਤੇ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਕਿਹਾ ਗੁਰੂ ਸਾਹਿਬ ਜੀ ਦੇ ਦੱਸੇ ਮਾਰਗ ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਸੰਗਤਾਂ ਨੂੰ ਸਤਿਨਾਮ ਵਾਹਿਗੁਰੂ ਜੀ ਦਾ ਜਾਪ ਕਰਵਾਉਂਦੇ ਹੋਏ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ ਅਤੇ ਗੁਰ ਇਤਿਹਾਸ ਤੋਂ ਜਾਣੂ ਕਰਵਾ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਸਮੇਂ ਮਨਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਗੁਰਦੂਆਰਾ ਚਰਨ ਕੰਵਲ ਸਾਹਿਬ, ਗੁ; ਚੁਬਾਰਾ ਸਾਹਿਬ, ਗੁ: ਕਤਲਗੜ੍ਹ ਸਾਹਿਬ, ਗੁ: ਚਮਕੌਰ ਦੀ ਗੜ੍ਹੀ ਸਾਹਿਬ,





ਗੁ:ਤਾੜੀ ਸਾਹਿਬ, ਗੁ: ਕੋਤਵਾਲੀ ਸਾਹਿਬ, ਗੁ: ਫਤਿਹਗੜ੍ਹ ਸਾਹਿਬ ਗੁ; ਠੰਡਾ ਬੁਰਜ ਸਾਹਿਬ, ਗੁ: ਜੋਤੀ ਸਰੂਪ ਸਾਹਿਬ ਇਤਿਹਾਸਕ ਸਥਾਨਾਂ ਲਈ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਬੱਸਾਂ ਨੂੰ ਰਵਾਨਾ ਕੀਤਾ। ਇਸ ਮੌਕੇ ਗ੍ਰੰਥੀ ਸਵਰਨ ਸਿੰਘ, ਦਿਲਬਾਗ ਸਿੰਘ, ਤਰਨਜੀਤ ਸਿੰਘ, ਰਾਮ ਉਤਮ ਹਾਜ਼ਰ ਸਨ ।

## ਜਲ ਸਰੋਤ ਮੰਤਰੀ ਬਰਿੰਦਰ ਗੋਇਲ ਵੱਲੋਂ ਨਾਭਾ ਰੋਹਟੀ ਪੁਲ ਤੋਂ-ਜੌੜੇਪੁਲ ਨਹਿਰ ਨੂੰ 42 ਕਰੋੜ ਰੁਪਏ ਦੀ ਲਾਗਤ ਨਾਲ ਪੱਕੀ ਕਰਨ ਦੀ ਸ਼ੁਰੂਆਤ

Desi Punjab YouTube www.desipunjab.in

ਨਾਭਾ, 2 ਜਨਵਰੀ:-ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਬੀਤੀ ਸ਼ਾਮ ਨਾਭਾ ਰੋਹਟੀ ਪੁਲ ਤੋਂ-ਜੌੜੇਪੁਲ ਨੂੰ ਜਾਂਦੀ ਸੈਕੰਡ ਪਟਿਆਲਾ ਫੀਡਰ ਨਹਿਰ ਦੇ 23.20 ਕਿਲੋਮੀਟਰ ਟੋਟੇ ਨੂੰ 42 ਕਰੋੜ ਰੁਪਏ ਦੀ ਲਾਗਤ ਨਾਲ ਪੱਕੀ ਕਰਨ (ਲਾਇਨਿੰਗ/ਰੀਹੈਬਲੀਟੇਸ਼ਨ) ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਬਰਿੰਦਰ ਗੋਇਲ ਨੇ ਦੱਸਿਆ ਕਿ ਇਸ ਨਹਿਰ ਦੇ ਪੱਕਾ ਹੋਣ ਨਾਲ ਪਟਿਆਲਾ ਸਮੇਤ ਸੰਗਰੂਰ, ਮਾਲੇਰਕੋਟਲਾ ਤੇ ਮਾਨਸਾ ਆਦਿ ਜ਼ਿਲ੍ਹਿਆਂ ਦੀ ਕਰੀਬ 4 ਲੱਖ ਏਕੜ ਜ਼ਮੀਨ ਨੂੰ 1617 ਕਿਊਸਿਕ ਪਾਣੀ ਮਿਲੇਗਾ ਅਤੇ ਹੁਣ ਇਸ ਦੀ ਸਮਰੱਥਾ 10 ਫੀਸਦੀ ਹੋਰ ਵਧਾਈ ਗਈ ਹੈ।

ਜਲ ਸਰੋਤ, ਖਣਣ ਤੇ ਜੀਓਲੋਜੀ ਅਤੇ ਭੂਮੀ ਤੇ ਜਲ ਰੱਖਿਆ ਵਿਭਾਗਾਂ ਦੇ ਮੰਤਰੀ ਬਰਿੰਦਰ ਗੋਇਲ ਨੇ ਪੱਤਰਕਾਰਾਂ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੀ ਹਿਤਾਇਸ਼ੀ ਸਰਕਾਰ ਸਾਬਤ ਹੋਈ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਬਣਾਉਣ ਤੋਂ ਪਹਿਲਾਂ ਉਨ੍ਹਾਂ ਨੇ ਸੂਬੇ ਦੇ ਕਿਸਾਨਾਂ ਨਾਲ ਟੇਲਾਂ ਤੱਕ ਸਿੰਚਾਈ ਲਈ ਪਾਣੀ ਪਹੁੰਚਾਉਣ ਦਾ ਕੀਤਾ ਵਾਅਦਾ ਵੀ ਹੁਣ ਪੂਰਾ ਕਰ ਦਿੱਤਾ ਹੈ।




ਜਲ ਸਰੋਤ ਮੰਤਰੀ ਨੇ ਧਰਤੀ ਹੇਠਲੇ ਪਾਣੀ ਦੇ ਦਿਨੋ-ਦਿਨ ਡੂੰਘੇ ਹੁੰਦੇ ਜਾਣ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਾਹਰਾਂ ਮੁਤਾਬਕ ਸਾਲ 2037 ਤੱਕ ਧਰਤੀ ਹੇਠਲੇ ਪਾਣੀ ਦਾ ਸੰਕਟ ਹੋਰ ਗਹਿਰਾ ਹੋ ਜਾਵੇਗਾ ਇਸ ਲਈ ਹਰੇਕ ਵਿਅਕਤੀ ਨੂੰ ਜਲ ਸਰੋਤਾਂ ਦੀ ਸੰਭਾਲ ਤੇ ਇਸ ਦੀ ਵਰਤੋਂ ਸੰਜਮ ਨਾਲ ਕਰਨ ਲਈ ਹੰਭਲਾ ਮਾਰਨਾ ਪਵੇਗਾ। ਬਰਿੰਦਰ ਗੋਇਲ ਨੇ ਪਾਣੀ ਦੀ ਸੰਭਾਲ ਲਈ ਅਵੇਸਲੇ ਹੋਣ ਵਾਸਤੇ ਪਿਛਲੀਆਂ ਸਰਕਾਰਾਂ ਨੂੰ ਕੋਸਦਿਆਂ ਆਖਿਆ ਕਿ ਇਸ ਸਮੱਸਿਆਂ ਵੱਲ ਕਦੇ ਧਿਆਨ ਨਹੀਂ ਦਿੱਤਾ ਗਿਆ ਜਦਕਿ ਉਨ੍ਹਾਂ ਦੀ ਸਰਕਾਰ ਨੇ ਇਸ ਸਬੰਧੀ ਠੋਸ ਨੀਤੀ ਬਣਾ ਕੇ ਕੰਮ ਸ਼ੁਰੂ ਕੀਤਾ ਹੈ।

ਬਰਿੰਦਰ ਗੋਇਲ ਨੇ ਕਿਹਾ ਕਿ ਪਹਿਲਾਂ ਡੈਮਾਂ ਤੋਂ ਮਿਲਣ ਵਾਲੇ ਪਾਣੀ ਵਿੱਚੋਂ ਅਸੀਂ ਕਰੀਬ 68 ਪ੍ਰਤੀਸਤ ਵਰਤੋਂ ਕਰਦੇ ਸੀ ਅਤੇ 38 ਫ਼ੀਸਦੀ ਪਾਣੀ ਵਿਅਰਥ ਜਾ ਰਿਹਾ ਸੀ, ਜੋ ਸਾਡੀ ਸਰਕਾਰ ਵੱਲੋਂ ਪਿਛਲੇ ਕਰੀਬ ਤਿੰਨ ਸਾਲਾਂ ਵਿੱਚ ਇਹ 84 ਫ਼ੀਸਦੀ ਵਰਤੋਂ ਵਿੱਚ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਦੀ ਵਰਤੋਂ ਕਰਨ ਨਾਲ ਜਮੀਨੀ ਪਾਣੀ ਦਾ ਪੱਧਰ ਉੱਪਰ ਉਠਦਾ ਹੈ, ਇਸ ਲਈ ਕਿਸਾਨ ਵੀ ਵੱਧ ਤੋਂ ਵੱਧ ਨਹਿਰੀ ਪਾਣੀ ਦੀ ਵਰਤੋਂ ਕਰਨ ਕਿਉਂਕਿ ਇਸ ਨਾਲ ਹੋਣ ਵਾਲੀ ਫ਼ਸਲ ਤੰਦਰੁਸਤ ਹੋਣ ਸਮੇਤ ਬਿਜਲੀ ਦੀ ਖਪਤ ਵੀ ਨਹੀਂ ਕਰਨੀ ਪੈਂਦੀ।

ਮੀਡੀਆ ਨਾਲ ਗੱਲਬਾਤ ਮੌਕੇ ਬਰਿੰਦਰ ਗੋਇਲ ਨੇ ਦੱਸਿਆ ਕਿ ਬਰਸਾਤੀ ਪਾਣੀ ਦੀ ਨਿਕਾਸੀ ਲਈ ਢੁਕਵੇਂ ਪ੍ਰਬੰਧ ਕੀਤੇ ਜਾ ਰਹੇ ਹਨ, ਜਿਸ ਨਾਲ ਲੋਕਾਂ ਨੂੰ ਹੜ੍ਹਾਂ ਦੀ ਮਾਰ ਨਹੀਂ ਝੱਲਣੀ ਪਵੇਗੀ। ਉਨ੍ਹਾਂ ਇਕ ਹੋਰ ਸਵਾਲ ਦੇ ਜਵਾਬ 'ਚ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਰਾਜ ਨੂੰ ਦੇਣ ਲਈ ਕੋਈ ਵਾਧੂ ਪਾਣੀ ਨਹੀਂ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਬਾਰੇ ਕੈਬਨਿਟ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਅੜੀਅਲ ਵਤੀਰਾ ਤਿਆਗ ਕੇ ਕਿਸਾਨਾਂ ਦੀਆਂ ਮੰਗਾਂ ਮੰਨਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਦਾ ਹੀ ਕਿਸਾਨਾਂ ਦੇ ਨਾਲ ਖੜ੍ਹੀ ਹੈ।

ਇਸ ਮੌਕੇ ਵਿਧਾਇਕ ਅਮਰਗੜ੍ਹ ਪੋ. ਜਸਵੰਤ ਸਿੰਘ ਗੱਜਣਮਾਜਰਾ, ਇੰਪਰੂਵਮੈਂਟ ਟਰੱਸਟ ਪਟਿਆਲਾ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ, ਤੇਜਿੰਦਰ ਸਿੰਘ ਖਹਿਰਾ, ਸਿੰਚਾਈ ਵਿਭਾਗ ਦੇ ਨਿਗਰਾਨ ਇੰਜੀਨੀਅਰ ਸੁਖਜੀਤ ਸਿੰਘ ਭੁੱਲਰ, ਲਹਿਲ ਡਵੀਜਨ ਦੇ ਕਾਰਜਕਾਰੀ ਇੰਜੀਨੀਅਰ ਕਿਰਨਦੀਪ ਕੌਰ, ਐਸ.ਡੀ.ਓਜ ਅਸ਼ੀਸ਼ ਕੁਮਾਰ ਤੇ ਗੁਰਪ੍ਰੀਤ ਸਿੰਘ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

## ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਵੱਜੋਂ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ

Desi Punjab YouTube www.desipunjab.in





ਮਾਲੇਰਕੋਟਲਾ, 02 ਜਨਵਰੀ (ਗੁਰਤੇਜ) ਸਥਾਨਕ ਏ. ਡੀ. ਕਾਂਝਲਾ ਵਾਇਨ, ਐਚ.ਕੇ. ਕਾਂਝਲਾ ਵਾਈਨ ਤੇ ਗੋਇਲ ਐਂਡ ਕੰਪਨੀ ਦੇ ਮਾਲਕ ਸ. ਹਰਜਿੰਦਰ ਸਿੰਘ ਕਾਂਝਲਾ ਵੱਲੋਂ ਹਾਅ ਦਾ ਨਾਅਰਾ ਗੁਰਦੁਆਰਾ ਸਾਹਿਬ ਵਿਖੇ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਵਜੋਂ ਪ੍ਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਆਖੰਡ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਹੈਡ ਗ੍ਰੰਥੀ ਭਾਈ ਨਰਿੰਦਰ ਪਾਲ ਸਿੰਘ ਨਾਨੂੰ ਨੇ ਸ੍ਰੀ ਆਖੰਡ ਪਾਠ ਸਾਹਿਬ ਦਾ ਪਾਠ ਕੀਤਾ ਅਤੇ ਸਮੁੱਚੇ ਮੁਲਕ ਅੰਦਰ ਅਮਨ ਸ਼ਾਂਤੀ ਬਣੀ ਰਹਿਣ ਦੀ ਅਰਦਾਸ ਕਰਦਿਆਂ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ।

ਪਾਠ ਉਪਰੰਤ ਆਖੰਡ ਪਾਠਾਂ ਦੇ ਭੋਗ ਪਾਏ ਗਏ ਅਤੇ ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ ਨੇ ਆਪਣੀ ਸਮੁੱਚੀ ਟੀਮ ਸਮੇਤ ਮੱਥਾ ਟੇਕਿਆ ਅਤੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ ਤੋਂ ਇਲਾਵਾ ਠੇਕੇਦਾਰ ਅਸ਼ਵਨੀ ਗੋਇਲ, ਅਸ਼ੋਕ ਕੁਮਾਰ, ਨਵਨੀਤ ਜੈਨ ਤੇ ਹੋਰ ਪਤਵੰਤੇ ਹਾਜਰ ਸਨ।

## ਗਰਗ ਮਾਲੇਰਕੋਟਲਾ ਨੇ ਰਾਸ਼ਟਰੀ ਚਿੱਤਰਕਲਾ ਮੁਕਾਬਲੇ ਵਿੱਚ ਕਰਵਾਈ ਸੂਬੇ ਦੀ ਜਿੱਤ ਦਰਜ

Desi Punjab YouTube www.desipunjab.in

ਮਾਲੇਰਕੋਟਲਾ, 01 ਜਨਵਰੀ (ਗੁਰਤੇਜ) ਭਾਰਤ ਸਰਕਾਰ ਦੇ ਉਰਜਾ ਦੱਖਤਾ ਬਿਊਰੋ-ਵਿਦਯੁਤ ਮੰਤਰਾਲੇ ਵੱਲੋਂ ਰਾਸ਼ਟਰੀ ਚਿੱਤਰਕਲਾ ਮੁਕਾਬਲੇ "ਉਰਜਾ ਸੰਰਖਣ" - 2024 ਵਿਗਿਆਨ ਭਵਨ ਨਵੀਂ ਦਿੱਲੀ ਵਿੱਖੇ ਕਰਵਾਏ ਗਏ। ਜਿਸ ਵਿਚ ਵੱਖ ਵੱਖ ਸੂਬਿਆਂ ਤੋਂ ਸਕੂਲੀ ਵਿਦਿਆਰਥੀਆਂ ਨੇ ਹਿੱਸਾ ਲਿਆ। ਜਿਸ ਵਿਚ ਮਾਲੇਰਕੋਟਲਾ ਨਿਵਾਸੀ ਭਾਜਪਾ ਜ਼ਿਲ੍ਹਾ ਉਪ ਪ੍ਰਧਾਨ ਨੀਰਜ ਗਰਗ ਦੇ 15 ਸਾਲਾ ਨੌਜਵਾਨ ਪੁੱਤਰ ਪ੍ਰਣਵ ਗਰਗ ਨੇ ਆਪਣੀ ਚਿੱਤਰਕਾਰੀ ਪੇਸ਼ ਕਰਦਿਆਂ ਗਰੁੱਪ -ਬੀ ਵਿਚ ਦਰਜ ਕਰਵਾਕੇ ਆਪਣੇ ਮਾਪਿਆਂ ਦਾ ਹੀ ਨਹੀਂ ਬਲਕਿ ਇਤਿਹਾਸਕ ਸ਼ਹਿਰ ਮਾਲੇਰਕੋਟਲਾ ਦੇ ਨਾਲ ਨਾਲ ਸੂਬਾ ਪੰਜਾਬ ਦਾ ਵੀ ਨਾਮ ਰੌਸ਼ਨ ਕੀਤਾ ਹੈ।ਜਿਸ ਤੇ ਵਿਗਿਆਨ ਭਵਨ ਨਵੀਂ ਦਿੱਲੀ ਵਿੱਚ ਮੁੱਖ ਮਹਿਮਾਨ ਜਗਦੀਪ ਧਨਖੜ (ਉਪ ਰਾਸ਼ਟਰਪਤੀ ਭਾਰਤ), ਮਨੋਹਰ ਲਾਲ (ਕੇਂਦਰੀ ਮੰਤਰੀ ਪਾਵਰ ਐਂਡ ਹਾਊਸਿੰਗ-ਅਰਬਨ ਅਫੇਅਰ), ਸ਼੍ਰੀਪਦ ਯੇਸ਼ੁ ਨਾਇਕ (ਰਾਜ ਮੰਤਰੀ ਪਾਵਰ ਐਂਡ ਨਵ ਰਿਨਿਊਏਬਲ ਐਨਰਜੀ), ਪੰਕਜ ਅਗਰਵਾਲ (ਸਕੱਤਰ ਮੰਤਰੀ ਪਾਵਰ),ਸ਼੍ਰੀਕੰਠ ਨਾਗੁਲਾਪਾਲੀ (ਐਡੀਸ਼ਨਲ ਸਕੱਤਰ) ਨੇ ਸਰਟੀਫਿਕੇਟ, 15 ਹਜ਼ਾਰ ਰੁਪਏ ਨਕਦ ਇਨਾਮ, ਇੱਕ ਟੈਬਲੇਟ,ਅਸਾਮ ਦੀ ਯਾਤਰਾ ਪੈਕੇਜ ਨਾਲ ਸਨਮਾਨਿਤ ਕੀਤਾ ਅਤੇ ਭਵਿੱਖ ਵਿੱਚ ਤਰੱਕੀ ਲਈ ਆਸ਼ੀਰਵਾਦ ਦਿੱਤਾ।

ਗੱਲਬਾਤ ਕਰਦਿਆਂ ਪ੍ਰਣਮ ਗਰਗ ਨੇ ਦੱਸਿਆ ਕਿ ਉਹ ਬੀ.ਸੀ.ਐਮ. ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ ਲੁਧਿਆਣਾ ਦਾ ਵਿਦਿਆਰਥੀ ਹੈ। ਪ੍ਰਣਵ ਨੇ ਕਿਹਾ ਕਿ

ਗਲੋਬਲਾਈਜ਼ੇਸ਼ਨ ਦੇ ਯੁੱਗ ਵਿੱਚ ਆਧੁਨਿਕਤਾ-ਵਿਕਾਸ ਦੇ ਨਾਮ 'ਤੇ ਮਨੁੱਖ ਪ੍ਰਕ੍ਰਿਤਿ ਦਾ ਫਾਇਦਾ ਵੀ ਚੁਕਾ ਰਿਹਾ ਹੈ ਅਤੇ ਨਿਯਮਿਤ ਤੌਰ 'ਤੇ



ਉਸਦੇ ਨਾਲ ਛੇੜਛਾੜ ਕਰਕੇ ਪੰਛੀਆਂ, ਜੀਵਾਂ,ਵਾਤਾਵਰਣ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਇਸ ਲਈ ਉਹ ਪ੍ਰਭੂ ਵੱਲੋਂ ਬਣਾਈ ਸੁੰਦਰ ਦਾਤ-ਰੰਗ ਬਿਰੰਗੇ ਬੇਜ਼ੁਬਾਨ ਪੰਛੀਆਂ ਨੂੰ ਬਚਾਉਣ ਦੇ ਮੁੱਖ ਥੀਮ ਨਾਲ ਚਿੱਤਰਕਲਾ ਦੀ ਜ਼ੁਬਾਨ ਰਾਹੀਂ ਸੰਦੇਸ਼ ਦਾ ਵਾਹਕ ਬਣਦੇ ਹਨ। ਉਸਨੇ ਦੱਸਿਆ ਕਿ ਸਰਕਾਰਾਂ ਵੱਲੋਂ ਖਿਡਾਰੀਆਂ ਨੂੰ ਪ੍ਰੋਤਸਾਹਿਤ ਕਰਨਾ ਅਤੇ ਕਲਾਕਾਰਾਂ ਨਾਲ ਭੇਦਭਾਵ ਦਾ ਵਰਤਾਵ ਹੀ ਕਲਾ ਦੇ ਲਾਪਤਾ ਹੋਣ ਦਾ ਕਾਰਣ ਬਣਿਦੇ ਹੈ। ਕਿਉਂਕਿ ਚਿੱਤਰਕਲਾ ਵਿੱਚ ਕਲਾਕਾਰਾਂ ਨੂੰ ਆਪਣੇ ਕੰਮ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਆਪਣੇ ਖਰਚੇ ਉਠਾਉਣੇ ਪੈਂਦੇ ਹਨ। ਜਦਕਿ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਮੁਫ਼ਤ ਗੈਲਰੀਆਂ ਬਣਾ ਕੇ ਕਲਾਕਾਰਾਂ ਨੂੰ ਆਪਣੇ ਕਲਾ-ਕਿਰਤੀਆਂ ਨੂੰ ਪੇਸ਼ ਕਰਨ ਦਾ ਮੌਕਾ ਦਿੰਦੇ ਯੋਗ ਕਲਾਕਾਰਾਂ ਨੂੰ ਆਰਥਿਕ ਮਦਦ ਵੀ ਮੁਹੱਈਆ ਕਰਵਾਏ। ਇਹ ਉਪਕਰਮ ਭਵਿੱਖ ਵਿੱਚ ਨੌਜਵਾਨਾਂ ਦੇ ਵਿੱਚ ਕਲਾ ਦੀ ਮਹੱਤਤਾ ਨੂੰ ਜਰੂਰ ਪ੍ਰਗਟ ਕਰੇਗਾ।

ਪ੍ਰਣਵ ਦੇ ਪਿਤਾ ਨੀਰਜ ਗਰਗ ਨੇ ਕਿਹਾ ਕਿ ਪੇਂਟਿੰਗ ਇੱਕ ਅਜਿਹੀ ਕਲਾ ਹੈ ਜਿਸ ਦੇ ਜ਼ਰੀਏ ਸਾਡੇ ਬੱਚੇ ਆਪਣੇ ਆਪ ਨੂੰ ਪ੍ਰਗਟ ਕਰਦੇ ਹਨ ਅਤੇ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ ਕਿ ਉਨ੍ਹਾਂ ਦੇ ਵਿਚਾਰ ਕਿੰਨੀ ਦੂਰ ਤੱਕ ਜਾ ਸਕਦੇ ਹਨ। ਇਸ ਲਈ ਪ੍ਰਤਿਭਾਸ਼ਾਲੀ ਬੱਚਿਆਂ ਨੂੰ ਪੇਂਟਿੰਗ ਦਾ ਅਭਿਆਸ ਕਰਨ,ਕਲਾ ਨੂੰ ਨਿਖਾਰਣ ਲਈ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ। ਕਿਉਂਕਿ ਸ਼ੌਂਕ ਹਕੀਕਤੀ ਦੁਨੀਆ ਤੋਂ ਉਹ ਪਲਾਇਨ ਹੈ ਜੋ ਜੀਵਨ ਦੀਆਂ ਸਾਰੀਆਂ ਚਿੰਤਾਵਾਂ ਨੂੰ ਭੁਲਾਉਂਦਾ ਹੈ।

## ਜਾਗ੍ਰਿਤੀ ਅਤੇ ਸੱਚੀ ਖੁਸ਼ੀ ਦਾ ਵਿਸਥਾਰ ਸੰਭਵ :ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

Desi Punjab YouTube www.desipunjab.in

ਜੈਤੋ,2 ਜਨਵਰੀ(ਰਘੂਨੰਦਨ ਪਰਾਸ਼ਰ ):ਨਿਰੰਕਾਰ ਨੂੰ ਹਰ ਕੰਮ ਵਿੱਚ ਸ਼ਾਮਲ ਕਰਨ ਨਾਲ ਹੀ ਅਧਿਆਤਮਿਕ ਜਾਗ੍ਰਿਤੀ ਅਤੇ ਸੱਚੀ ਖੁਸ਼ੀ ਦਾ ਵਿਸਥਾਰ ਸੰਭਵ ਹੈ। ਇਨ੍ਹਾਂ ਪ੍ਰੇਰਨਾਦਾਇਕ ਸ਼ਬਦਾਂ ਦਾ ਪ੍ਰਗਟਾਵਾ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਨਵੇਂ ਸਾਲ ਦੇ ਸ਼ੁਭ ਮੌਕੇ 'ਤੇ ਗਰਾਊਂਡ ਨੰਬਰ 8, ਨਿਰੰਕਾਰੀ ਚੌਂਕ, ਬੁਰਾੜੀ ਰੋਡ, ਦਿੱਲੀ ਵਿਖੇ ਆਯੋਜਿਤ ਇਕ ਵਿਸ਼ੇਸ਼ ਸਤਿਸੰਗ ਸਮਾਗਮ ਦੌਰਾਨ ਕੀਤਾ। ਇਸ ਸਤਿਸੰਗ ਵੱਖ-ਵੱਖ ਇਲਾਕਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਨਵੇਂ ਸਾਲ ਦੇ ਪਹਿਲੇ ਦਿਨ ਸਮੂਹ ਸ਼ਰਧਾਲੂਆਂ ਨੇ ਸਤਿਗੁਰੂ ਮਾਤਾ ਜੀ ਅਤੇ ਨਿਰੰਕਾਰੀ ਰਾਜਪਿਤਾ ਜੀ ਦੀ ਪਾਵਨ ਹਜ਼ੂਰੀ ਵਿੱਚ ਉਨ੍ਹਾਂ ਦੇ ਇਲਾਹੀ ਦਰਸ਼ਨ ਅਤੇ ਪ੍ਰੇਰਨਾਦਾਇਕ ਪ੍ਰਵਚਨਾਂ ਰਾਹੀਂ ਆਤਮਿਕ ਸ਼ਾਂਤੀ ਅਤੇ ਆਤਮਿਕ ਉਰਜਾ ਦਾ ਸੁਹਾਵਣਾ ਆਨੰਦ ਪ੍ਰਾਪਤ ਕੀਤਾ।ਸਤਿਗੁਰੂ ਮਾਤਾ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਵਾਂ ਸਾਲ ਸਿਰਫ 2024 ਤੋਂ 2025 ਤੱਕ ਦੀ ਗਿਣਤੀ ਵਿੱਚ ਤਬਦੀਲੀ ਹੈ। ਅਸਲ ਵਿੱਚ ਇਹ ਕੇਵਲ ਮਨੁੱਖੀ ਮਨ ਦੁਆਰਾ ਸਿਰਜਿਆ ਇੱਕ ਸੰਕਲਪ ਹੈ। ਨਿਰੰਕਾਰ ਨੇ ਸਮੇਂ ਅਤੇ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ, ਜਿਸ ਵਿਚ ਵੱਖ-ਵੱਖ ਗ੍ਰਹਿਆਂ ਦੇ ਸਮੇਂ ਦੇ ਵੱਖੋ-ਵੱਖਰੇ ਸੰਕਲਪ ਹਨ, ਇਸ ਲਈ ਨਵੇਂ ਸਾਲ ਦਾ ਅਰਥ ਹਰ ਪਲ ਨੂੰ ਸਾਰਥਕ ਬਣਾਉਣਾ ਹੈ।ਸੱਚਾ ਸੁੱਖ ਅਤੇ ਆਨੰਦ ਨਿਰੰਕਾਰ ਵਿੱਚ ਹੀ ਵੱਸਦਾ ਹੈ। ਇਸ ਨਵੇਂ ਸਾਲ ਵਿੱਚ ਸਾਨੂੰ ਆਪਣਾ ਜੀਵਨ ਅਜਿਹਾ ਬਣਾਉਣਾ ਹੈ ਕਿ ਅਸੀਂ ਇਸ ਸੱਚਾਈ ਨੂੰ ਹਰ ਵਿਅਕਤੀ ਤੱਕ ਪਹੁੰਚਾ ਸਕੀਏ। ਅਸੀਂ ਆਪਣੇ ਜੀਵਨ ਨੂੰ ਇਸ ਤਰ੍ਹਾਂ ਢਾਲਣਾ ਹੈ ਕਿ ਅਸੀਂ ਹਰ ਪਲ ਅਤੇ ਹਰ ਕੰਮ ਵਿੱਚ ਨਿਰੰਕਾਰ ਦੀ ਮਹੱਤਤਾ ਨੂੰ ਸਮਝੀਏ। ਸੇਵਾ, ਸਿਮਰਨ ਅਤੇ ਸਤਿਸੰਗ ਦੇ ਅਸਲ ਅਰਥ ਉਦੋਂ ਹੀ ਪ੍ਰਗਟ ਹੋਣਗੇ ਜਦੋਂ ਅਸੀਂ ਇਸ ਨੂੰ ਤਨ-ਮਨ ਨਾਲ ਅਪਣਾਵਾਂਗੇ। ਕਿਸੇ ਨੂੰ ਸਿਰਫ਼ ਦੋਸਤੀ ਜਾਂ ਸਮਾਜਿਕ ਦਬਾਅ ਕਾਰਨ ਆਪਣੀ ਅਧਿਆਤਮਿਕਤਾ ਨੂੰ ਨਹੀਂ ਬਦਲਣਾ ਚਾਹੀਦਾ। ਕੇਵਲ ਸੱਚੇ ਮਨ ਅਤੇ ਜਾਗਰੂਕਤਾ ਨਾਲ ਹੀ ਅਸੀਂ ਆਪਣੇ ਜੀਵਨ ਨੂੰ ਨਿਰੰਕਾਰ ਨਾਲ ਜੋੜ ਸਕਾਂਗੇ।ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਹਰ ਕੰਮ ਵਿੱਚ ਨਿਰੰਕਾਰ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ। ਇਹ ਉਹ ਮਾਰਗ ਹੈ ਜੋ ਸਾਡੇ ਜੀਵਨ ਵਿੱਚ ਅਧਿਆਤਮਿਕ ਚੇਤਨਾ ਅਤੇ ਸੰਤੁਸ਼ਟੀ ਦਾ ਵਿਸਥਾਰਤ ਕਰਦਾ ਹੈ। ਇਸ ਨਵੇਂ ਸਾਲ ਵਿੱਚ ਸਾਨੂੰ ਆਪਣੇ ਪਿਛਲੇ ਤਜ਼ਰਬਿਆਂ ਤੋਂ ਸਿੱਖਣਾ ਚਾਹੀਦਾ ਹੈ, ਆਪਣੀਆਂ ਅੰਦਰੂਨੀ ਕਮੀਆਂ ਨੂੰ ਸੁਧਾਰਣਾ ਚਾਹੀਦਾ ਹੈ ਅਤੇ ਚੰਗੇ ਗੁਣਾਂ ਨੂੰ ਅਪਣਾਉਣਾ ਚਾਹੀਦਾ ਹੈ। ਮਾਨਵੀ ਗੁਣਾਂ ਵਾਲਾ ਜੀਵਨ ਹੀ ਸੱਚਾ ਜੀਵਨ ਹੈ।ਸਤਿਗੁਰੂ ਮਾਤਾ ਜੀ ਤੋਂ ਪਹਿਲਾਂ ਸਤਿਕਾਰਯੋਗ ਰਾਜਪਿਤਾ



ਜੀ ਨੇ ਸਮੂਹ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਵਿੱਚ ਸਮਾਜ ਅਤੇ ਮਨੁੱਖੀ ਜੀਵਨ ਵਿੱਚ ਪ੍ਰਮਾਤਮਾ ਦੀ ਉਤਸੁਕਤਾ ਹੌਲੀ-ਹੌਲੀ ਖਤਮ ਹੁੰਦੀ ਜਾ ਰਹੀ ਹੈ। ਲੋਕ ਰੱਬ ਦੀ ਹੋਂਦ 'ਤੇ ਸ਼ੱਕ ਕਰ ਰਹੇ ਹਨ ਅਤੇ ਸੱਚਾਈ ਦੀ ਖੋਜ ਕਰਨ ਦੀ ਬਜਾਏ, ਉਹ ਇਸ ਤੋਂ ਇਨਕਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਸਥਿਤੀ ਸਿਰਫ ਇਸ ਲਈ ਮੌਜੂਦ ਹੈ ਕਿਉਂਕਿ ਬਹੁਤ ਸਾਰੇ ਲੋਕ ਰੱਬ ਨੂੰ ਲੱਭਣ ਦਾ ਦਾਅਵਾ ਕਰਦੇ ਹਨ, ਪਰ ਸੱਚੇ ਯਤਨ ਨਹੀਂ ਕਰਦੇ। ਸਤਿਗੁਰੂ ਦੇ ਗਿਆਨ ਤੋਂ ਜੋ ਸੱਚ ਸਾਨੂੰ ਪ੍ਰਾਪਤ ਹੋਇਆ ਹੈ, ਉਹ ਕੇਵਲ ਕਹਿਣ ਅਤੇ ਸੁਣਨ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ। ਇਸ ਨੂੰ ਆਪਣੇ ਜੀਵਨ ਵਿੱਚ ਮਹਿਸੂਸ ਕੀਤਾ ਜਾਵੇ ਅਤੇ ਇਸ ਦੀ ਮਹਿਕ ਇੰਨੀ ਹੋਵੇ ਕਿ ਇਹ ਸਮਾਜ ਲਈ ਵਰਦਾਨ ਬਣ ਸਕੇ। ਸਾਨੂੰ ਆਪਣਾ ਜੀਵਨ ਪ੍ਰਮਾਤਮਾ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ ਨਾ ਕਿ ਦਿਖਾਵੇ ਤੱਕ ਸੀਮਿਤ ਹੋਣਾ ਚਾਹੀਦਾ ਹੈ।ਸੇਵਾ, ਸਿਮਰਨ ਅਤੇ ਸੰਗਤ ਤੋਂ ਬਿਨਾਂ ਭਗਤੀ ਅਧੂਰੀ ਹੈ। ਸੱਚਾ ਜੀਵਨ ਉਹ ਹੈ ਜਿਸ ਵਿਚ ਪ੍ਰਮਾਤਮਾ ਨਾਲ ਪਿਆਰ ਅਤੇ ਸ਼ਰਧਾ ਵੱਸਦੀ ਹੈ। ਸਾਨੂੰ ਪਿਆਰ, ਸਮਰਪਣ ਅਤੇ ਜ਼ਿੰਮੇਵਾਰੀ ਨਾਲ ਮਾਨਵੀ ਪਰਿਵਾਰ ਨੂੰ ਨਾਲ ਲੈ ਕੇ ਚੱਲਣਾ ਹੋਵੇਗਾ। ਸਤਿਸੰਗ ਦੇ ਇਸ ਅਨਮੋਲ ਪਹਿਲੂ ਨੂੰ ਸਜਾ ਕੇ ਆਪਣੇ ਜੀਵਨ ਨੂੰ ਅਜਿਹਾ ਸਾਧਨ ਬਣਾਓ ਕਿ ਅਸੀਂ ਪ੍ਰਮਾਤਮਾ ਦੇ ਨੇੜੇ ਜਾ ਸਕੀਏ ਅਤੇ ਦੂਜਿਆਂ ਲਈ ਪ੍ਰੇਰਨਾ ਸਰੋਤ ਬਣ ਸਕੀਏ।ਇਸ ਨਵੇਂ ਸਾਲ ਦੇ ਮੌਕੇ 'ਤੇ ਸਤਿਗੁਰੂ ਮਾਤਾ ਜੀ ਨੇ ਅੰਤ ਵਿੱਚ ਸਮੂਹ ਸੰਗਤਾਂ ਨੂੰ ਖੁਸ਼ੀਆਂ, ਖੁਸ਼ਹਾਲੀ ਅਤੇ ਖੁਸ਼ਹਾਲ ਜੀਵਨ ਦੀ ਸ਼ੁਭਕਾਮਨਾਵਾਂ ਦਿੱਤੀਆਂ।

## ਮੈਂ ਆਪਣੇ ਜੀਵਨ ਕਾਲ ਵਿੱਚ ਅਜਿਹਾ ਵਿਸ਼ਾਲ ਭੰਡਾਰਾ ਨਹੀਂ ਦੇਖਿਆ -- ਸਿੱਖਿਆ ਮੰਤਰੀ ਮਦਨ ਦਿਲਾਵਰ

Desi Punjab YouTube www.desipunjab.in

ਗਿੱਦੜਬਾਹਾ/ਨਰਿੰਦਰ ਵਧਵਾ/ਸਮਾਜ ਸੇਵੀ ਸੰਸਥਾ ਮਾਂ ਵੈਸ਼ਨੋ ਦੇਵੀ ਇੰਟਰਨੈਸ਼ਨਲ ਫਾਊਂਡੇਸ਼ਨ ਵੱਲੋਂ ਦੁਰਗਾ ਰੈਡੀਡੈਂਸੀ ਰੇਲਵੇ ਰੋਡ ਕਟੜਾ ਵਿੱਚ ਲਗਾਏ ਜਾ ਰਹੇ 15ਵੇਂ ਵਿਸ਼ਾਲ ਭੰਡਾਰੇ ਵਿੱਚ ਨਵਾਂ ਸਾਲ ਦੀ ਪੂਰਵ ਸੰਧਿਆ ਤੇ ਮਾਂ ਭਗਵਤੀ ਦੀ ਵਿਸ਼ਾਲ ਚੌਂਕੀ ਦਾ ਆਯੋਜਨ ਕੀਤਾ ਗਿਆ। ਇਸ ਚੌਂਕੀ ਵਿੱਚ ਰਾਜਸਥਾਨ ਸਰਕਾਰ ਦੇ ਸਿੱਖਿਆ ਅਤੇ ਪੰਚਾਇਤ ਮੰਤਰੀ ਮਦਨ ਦਿਲਾਵਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਪਰਿਵਾਰ ਸਮੇਤ ਜੋਤੀ ਪ੍ਰਚੰਡ ਕਰਨ ਦੀ ਰਸਮ ਅਦਾ ਕੀਤੀ ਚੌਂਕੀ ਦੌਰਾਨ ਆਸਟ੍ਰੇਲੀਆ ਤੋਂ ਭਜਨ ਗਾਇਕ ਦੇਵ ਚੰਚਲ ਅਤੇ ਕੁਰੂਕਸ਼ੇਤਰ ਤੋ ਗਾਇਕ ਬੱਬੂ ਚਾਵਲਾ ਨੇ ਆਪਣੇ ਭਜਨਾਂ ਨਾਲ ਸਾਰੇ ਭਗਤ ਜਨਾਂ ਨੂੰ ਮੰਤਰ ਮੁਕਤ





ਕਰ ਦਿੱਤਾ। ਇਸ ਮੌਕੇ ਮਦਨ ਦਿਲਾਵਰ ਨੇ ਕਿਹਾ ਕਿ ਮੈਂ ਆਪਣੇ ਜੀਵਨ ਕਾਲ ਵਿੱਚ ਇੰਨਾ ਵਿਸ਼ਾਲ ਭੰਡਾਰਾ ਨਹੀਂ ਦੇਖਿਆ ਜਿਸ ਵਿੱਚ ਸਿਹਤਮੰਦ,ਸੁਆਦੀ ਤੇ ਹਾਈਜੀਨ ਖਾਣਾ ਅਤੇ ਸੁਵਿਧਾਵਾਂ ਹੋਣ। ਉਨ੍ਹਾਂ ਨੇ ਕਿਹਾ ਕਿ ਕਟੜਾ ਵਿੱਚ ਚੱਲ ਰਹੀ ਹੜਤਾਲ ਦੇ ਕਾਰਨ ਟਰੱਸਟ ਦਾ ਭੰਡਾਰਾ ਇੱਕ ਸੰਕਟ ਮੋਚਨ ਸਾਬਤ ਹੋ ਰਿਹਾ ਹੈ। ਇਸ ਮੌਕੇ ਰਾਸ਼ਟਰੀ ਪ੍ਰਧਾਨ ਰਾਜੇਸ਼ ਜੈਨ ਅਤੇ ਟਰੱਸਟ ਦੇ ਅਹੁਦੇਦਾਰਾਂ ਨੇ ਮੁੱਖ ਮਹਿਮਾਨ ਮਦਨ ਦਿਲਾਵਰ ਨੂੰ ਮਾਂ ਵੈਸ਼ਨੋ ਦੇ ਸਮ੍ਰਿਤੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਪ ਪ੍ਰਧਾਨ ਕ੍ਰਿਸ਼ਨ ਕੁਮਾਰ ਜੈਨ, ਤਰੁਣ ਬਾਂਸਲ, ਅਨਿਲ ਗਰਗ,ਗਗਨ ਗੋਇਲ, ਤਰਸੇਮ ਗਰਗ, ਸ਼ਮਸ਼ੇਰ ਸਿੰਘ,ਪਾਵਨ ਗਾਬਾ, ਸ਼ੁਭਮ ਗਰਗ,ਗੋਰਵ ਗੁਪਤਾ, ਪੰਕਜ਼ ਗੋਇਲ,ਗੋਰਵ ਬਾਂਸਲ, ਅਭਿਸ਼ੇਕ ਗਰਗ, ਅਮਿਤ ਗੋਇਲ, ਸ਼੍ਰੀ ਚੰਦ, ਮਯੰਕ ਜੈਨ,ਭਾਰਤ ਭੂਸ਼ਨ, ਸਤੀਸ਼ ਅਗਰਵਾਲ, ਮਨੋਜ਼ ਗੁਪਤਾ,ਗੋਲੂ ਸਿੰਗਲਾ,ਨਾਨੂ ਰਾਮ ਮਿੱਤਲ, ਮਿੰਟਾਂ ਜੈਨ, ਮੁਕੇਸ਼ ਗਰਗ, ਚੁੰਨੀ ਨਾਲ, ਵਿਜੇ ਕੁਮਾਰ, ਅੰਗਰੇਜ਼ ਸਿੰਘ, ਅੰਮ੍ਰਿਤ ਲਾਲ, ਅਤੁਲ ਪ੍ਰਕਾਸ਼, ਸੰਦੀਪ ਗਰਗ ਗੱਬਰ, ਚਿਰਾਗ ਗੁਪਤਾ, ਸਤੀਸ਼ ਸ਼ਰਮਾ, ਦੇਵੀ ਦਿਆਲ, ਗੁਲਾਬਾ, ਆਸ਼ੀਸ਼ ਖੰਨਾ, ਸੋਹਨ ਲਾਲ, ਵਿਨੋਦ, ਹੈਪੀ ਉਚਾਨਾ, ਦਿਨੇਸ਼ ਵਧਵਾ, ਮੋਨਿਕਾ ਅਗਰਵਾਲ, ਗਿਰਧਾਰੀ ਲਾਲ, ਨੇਮ ਚੰਦ, ਅਨਿਲ ਅਗਰਵਾਲ, ਅਨਿਲ ਖੰਨਾ, ਮੁਕੇਸ਼ ਵਿਰਮਾਣੀ, ਰਮੇਸ਼ ਛਾਬੜਾ, ਗੌਰਵ ਗੁਪਤਾ, ਚੰਚਲਦੀਪ ਸ਼ਰਮਾ, ਕੈਲਾਸ਼ ਸ਼ਾਸਤਰੀ, ਮੁਕੇਸ਼ ਗੋਇਲ, ਸੁਮਿਤ ਸਿੰਘਲਾ,ਹਰਿਸ ਚੰਦਾ, ਅਤੇ ਕੀਰਤੀ

# ਪੁਲਿਸ ਵੱਲੋਂ ਡੀ.ਏ.ਵੀ ਕਾਲਜ ਵਿਖੇ ਵਿਦਿਆਰਥੀਆਂ ਨਾਲ ਨਸ਼ਾ ਅਤੇ ਸਮਾਜਿਕ ਬੁਰਾਈਆਂ ਖਿਲਾਫ਼ ਜਾਗਰੂਕਤਾਂ ਮੁਹਿੰਮ ਤਹਿਤ ਸੌਂਹ ਚੁੱਕ ਸਮਾਗਮ ਤੇ ਰੈਲੀ ਕਰਵਾਈ

## ਪਿੱਛਲੇ ਸਾਲ ਇਨਫੋਰਸਮੈਂਟ ਤਹਿਤ ਬਹੁਤ ਵੱਡੀਆਂ ਡਰੱਗ ਦੀਆਂ ਰਿਕਵਰੀਆਂ ਕੀਤੀਆਂ ਗਈਆਂ ਹਨ ਅਤੇ ਉਹੀ ਕੈਂਮਪੇਨ ਇਸ ਨਵੇਂ ਸਾਲ ਚ ਵੀ ਲੈ ਕੇ ਜਾਵਾਂਗੇ ਪਰ ਇਕੱਲੀ ਇਨਫੋਰਸਮੈਂਟ ਨਾਲ ਨਹੀਂ, ਨਸ਼ੇ ਦੀ ਲਾਹਨਤ ਨੂੰ ਖਤਮ ਕਰਨ ਲਈ ਜਾਗ ਵੀ ਬੜੀ ਜਰੂਰੀ ਹੈ ਸੀ.ਪੀ,ਅੰਮ੍ਰਿਤਸਰ

www.desipunjab.in




ਰਣਜੀਤ ਸਿੰਘ ਮਸੌਣ/ਜੋਗਾ ਸਿੰਘ

ਅੰਮ੍ਰਿਤਸਰ, 2 ਜਨਵਰੀ- ਤਹਿਤ ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਵੱਲੋਂ ਮਾੜੇ ਅਨਸਰਾਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਨਸ਼ੇ ਦੀ ਲਾਹਨਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ, ਨਸ਼ੇ ਦਾ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਂਣ ਲਈ ਅਤੇ ਨੌਜ਼ਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ, ਨਸ਼ੇ ਦਾ ਧੰਦਾ ਕਰਨ ਵਾਲਿਆਂ ਬਾਰੇ ਪੁਲਿਸ ਨੂੰ ਸੂਚਨਾਂ ਦੇਣ ਅਤੇ ਲੋਕਾਂ ਦੀ ਮੁਸ਼ਕਲਾਂ ਨੂੰ ਸੁਣਨ ਤੇ ਉਹਨਾਂ ਦੇ ਸੁਝਾਅ ਲੈਣ ਲਈ ਪਹਿਲਾਂ ਤੋਂ ਚੱਲ ਰਹੀ ਪੁਲਿਸ ਪਬਲਿਕ ਮੀਟਿੰਗਾਂ ਦੀ ਲਗਾਤਾਰਤਾ ਤਹਿਤ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ, ਕਮਿਸ਼ਨਰ ਪੁਲਿਸ,ਅੰਮ੍ਰਿਤਸਰ ਵੱਲੋਂ ਅੱਜ ਆਪ੍ਰੇਸ਼ਨ ਸੰਪਰਕ ਤਹਿਤ ਡੀ.ਏ.ਵੀ ਕਾਲਜ਼, ਅੰਮ੍ਰਿਤਸਰ ਵਿੱਖੇ ਨਸ਼ੇ ਅਤੇ ਸਮਾਜਿਕ ਬੁਰਾਈਆਂ ਖਿਲਾਫ਼ ਸਹੁੰ ਚੁੱਕ ਸਮਾਗਮ ਅਤੇ ਜਾਗਰੂਕਤਾਂ ਲਈ ਇੱਕ ਰੈਲੀ ਕੱਢੀ ਗਈ।

ਕਮਿਸ਼ਨਰ ਪੁਲਿਸ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਕਮਿਸ਼ਨਰੇਟ ਪੁਲਿਸ, ਅੰਮ੍ਰਿਤਸਰ ਵੱਲੋਂ ਪਿੱਛਲੇ ਇਨਫੋਰਸਮੈਂਟ ਤਹਿਤ ਬਹੁਤ ਵੱਡੀਆਂ ਡਰੱਗ ਦੀਆਂ ਰਿਕਵਰੀਆਂ ਕੀਤੀਆਂ ਗਈਆਂ ਹਨ ਅਤੇ ਉਹੀ ਕੈਂਮਪੇਨ ਇਸ ਨਵੇਂ ਸਾਲ 'ਚ ਵੀ ਲੈ ਕੇ ਜਾਵਾਂਗੇ ਪਰ ਇਕੱਲੀ ਇਨਫੋਰਸਮੈਂਟ ਨਾਲ ਨਹੀਂ, ਅਵੇਅਰਨੈਸ ਵੀ ਬੜੀ ਜ਼ਰੂਰੀ ਹੈ।

ਉਹਨਾਂ ਕਿਹਾ ਕਿ ਮੈਂ ਮਸ਼ਕੂਰ ਹਾਂ ਡੀ.ਏ.ਵੀ ਕਾਲਜ਼ ਦੇ ਪ੍ਰਿੰਸੀਪਲ ਸਾਹਿਬ ਤੇ ਮੈਨੇਜਮੈਂਟ ਦਾ ਜਿੰਨਾਂ ਪੰਜਾਬ ਪੁਲਿਸ ਦੇ ਨਾਲ ਇੱਕ ਜੁਆਇੰਟ ਮੁਹਿੰਮ ਸ਼ੁਰੂ ਕੀਤੀ ਹੈ। ਜਿਹਦੇ ਨਾਲ ਲੋਕਾਂ ਦੇ ਵਿੱਚ ਇੱਕ ਮੈਸੇਜ਼ ਜਾਵੇਗਾ ਕਿ ਅਸੀਂ ਡਰੱਗ ਫ੍ਰੀ ਸੋਸਾਇਟੀ ਬਣਾਉਣੀ ਹੈ, ਇਹ ਮੈਸੇਜ ਕਲੀਅਰ ਹੈ ਕਿ ਜਿਹੜਾ ਬੰਦਾ ਇਹੋ ਜਿਹੀ ਲਾਈਨ ਕਰਾਸ ਕਰੇਗਾ, ਉਸਦੇ ਖਿਲਾਫ਼ ਐਕਸ਼ਨ ਵੀ ਹੋਵੇਗਾ। ਇਸ ਤੋਂ ਇਲਾਵਾਂ ਜਿਹੜੇ ਵਿਅਕਤੀ ਗੁਮਰਾਹ ਹੋਏ ਹਨ, ਉਹਨਾਂ ਨੂੰ ਵੀ ਸਹੀ ਰਸਤੇ ਪਾਉਣਾ ਸਾਡਾ ਸਾਰਿਆਂ ਦਾ ਫਰਜ਼ ਹੈ, ਮੇਨ ਗੱਲ ਇਹਦੇ 'ਚ ਇਹੀ ਹੈ ਕਿ ਹਰੇਕ ਇਨਸਾਨ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਬੂੰਦ-ਬੂੰਦ ਨਾਲ ਸਾਗਰ ਭਰਦਾ ਹੈ, ਜੋ ਵੀ ਉਹਦੀ ਕੰਟਰੀਬਿਊਸ਼ਨ ਹੈ, ਉਹ ਆਪਣੀ ਕਰੇਂ ਇਹ ਨਾ ਸੋਚੇ ਕਿ ਮੇਰੇ ਇਸ ਤਰ੍ਹਾ ਕਰਨ ਨਾਲ ਕੀ ਹੋਣਾ ਹੈ।

ਉਹਨਾਂ ਵਿਦਿਆਰਥੀਆਂ ਨੂੰ ਵੀ ਬੇਨਤੀ ਕੀਤੀ ਕਿ ਜਿਹੜੇ ਵੀ ਲੈਵਲ ਦੇ ਉੱਤੇ ਸੁਸਾਇਟੀ ਦੇ ਵਿੱਚ ਅਸੀਂ ਵਿਚਰਦੇ ਹਾਂ ਤੇ ਜੋ ਵੀ ਸਾਡਾ ਸਟੇਟਸ ਹੈ, ਚਾਹੇ ਉਹ ਹੈਂਡ ਆਫ਼ ਦੀ ਫੈਮਿਲੀ ਹੈ, ਚਾਹੇ ਉਹ ਐਜੂਕੇਸ਼ਨ ਜਾਂ ਸਟੂਡੈਂਟ ਹੈ, ਉਹ ਜਿੱਥੇ ਜਿੱਥੇ ਵਿਚਰਦਾ ਸਮਾਜ਼ ਦੇ ਵਿੱਚ ਉੱਥੇ ਆਪਣਾ ਰੋਲ ਅਦਾ ਕਰੇ ਅਤੇ ਇਹ ਮੈਸੇਜ਼ ਦਈਏ ਕਿ ਅਸੀਂ ਆਪਣੇ ਸਮਾਜ਼ ਨੂੰ ਨਸ਼ਾ ਮੁਕਤ ਕਰਨਾ ਹੈ।

ਉਹਨਾਂ ਕਿਹਾ ਕਿ ਉਸੇ ਲੜੀ ਦੇ ਵਿੱਚ ਇਹ ਪ੍ਰੋਗਰਾਮ ਹੈ ਅਤੇ ਇਸੇ ਤਰ੍ਹਾਂ ਦੇ ਹੋਰ ਵੀ ਪ੍ਰੋਗਰਾਮ ਕਰਦੇ ਰਵਾਂਗੇ, ਉਹਨਾਂ ਕਿਹਾ ਮੈਂ ਮੁਬਾਰਕਬਾਦ ਦਿੰਦਾ ਹਾਂ, ਸਾਰੇ ਬੱਚਿਆਂ ਨੂੰ ਸਾਰੀ ਮੈਨੇਜ਼ਮੈਂਟ ਤੇ ਪ੍ਰਿੰਸੀਪਲ ਸਾਹਿਬ ਨੂੰ ਕਿ ਉਹਨਾਂ ਨੇ ਆਰਗਨਾਈਜ਼ ਕੀਤਾ ਅਤੇ ਸਾਂਝ ਕੇਂਦਰ ਦੇ ਸਾਰੇ ਕਰਮਚਾਰੀ ਅਤੇ ਲੋਕਲ ਪੁਲਿਸ ਨੇ ਵੀ ਇਹਦੇ ਵਿੱਚ ਕੰਟਰੀਬਿਊਟ ਕਰਕੇ ਇਹਨੂੰ ਵਧੀਆ ਪ੍ਰੋਗਰਾਮ ਬਣਾਇਆ ਹੈ। ਉਹਨਾਂ ਮੈਸੇਜ ਦਿੱਤਾ ਕਿ ਤੁਹਾਡੇ ਰਾਹੀਂ ਸਮਾਜ਼ ਨੂੰ ਸਾਰੇ ਗੁਰੂ ਨਗਰੀ ਦੇ ਵਾਸੀਆਂ ਨੂੰ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਤੇ ਜਿੱਥੇ ਵੀ ਤੁਸੀਂ ਵਿਚਰਦੇ ਹੋ ਕੰਟਰੀਬਿਊਟ ਜ਼ਰੂਰ ਕਰੋਂ ਤੇ ਆਉਣ ਵਾਲੇ ਸਮੇਂ ਦੇ ਵਿੱਚ ਬਿਲਕੁੱਲ ਇਹ ਕੈਂਪੇਨ ਅੱਗੇ ਜਾਰੀ ਰਹੇਗੀ।

ਕਮਿਸ਼ਨਰ ਪੁਲਿਸ ਅੰਮ੍ਰਿਤਸਰ ਵੱਲੋਂ ਰੈਲੀ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ ਅਤੇ ਇਸਤੋਂ ਪਹਿਲਾਂ ਨਸ਼ੇ ਦੇ ਮਾੜੇ ਪ੍ਰਭਾਵਾਂ ਜਾਗਰੂਕਤਾ ਫੈਲਾਉਣ ਅਤੇ ਨਸ਼ੇ ਦੀ ਲਾਹਨਤ ਨੂੰ ਖ਼ਤਮ ਕਰਨ ਸਹੁੰ ਵੀ ਚੁੱਕਵਾਈ। ਇਹ ਰੈਲੀ ਡੀ.ਏ.ਵੀ ਕਾਲਜ਼ ਤੋਂ ਸੁਰੂ ਹੋ ਕੇ ਹਾਥੀ ਗੇਟ, ਲੋਹਗੜ੍ਹ ਚੌਕ ਤੋਂ ਹੁੰਦੀ ਹੋਈ, ਵਾਪਸ ਡੀ.ਏ.ਵੀ ਕਾਲਜ਼, ਵਿੱਖੇ ਸਮਾਪਤ ਹੋਈ। ਇਸ ਰੈਲੀ ਦੌਰਾਨ ਵਿਦਿਆਰਥੀਆਂ ਨੇ ਨਸ਼ੇ ਦਾ ਮਾੜੇ ਪ੍ਰਭਾਵਾ ਨੂੰ ਦਰਸਾਉਂਦੇ ਹੋਏ ਬੈਨਰ ਅਤੇ ਤੱਖਤੀਆਂ ਫੜੀਆਂ ਸਨ।

# ਸ਼ੂਟਰ ਦਲਬੀਰ ਸਿੰਘ ਦੇ ਮੰਗੂਪੁਰ ਪਹੁੰਚਣ ਤੇ ਪਰਿਵਾਰ ਚੇ ਖੁਸ਼ੀ ਦੀ ਲਹਿਰ

www.desipunjab.in



ਰਈਆ 2/1/2025/ਜਨਵਰੀ /ਬਲਵਿੰਦਰ ਸਿੰਘ ਸੰਧੂ

ਪੈਰਾ ਸ਼ੂਟਰ ਦਲਬੀਰ ਸਿੰਘ ਵੱਲੋ ਅਕੈਡਮੀ, ਭੋਪਾਲ, ਮੱਧ ਪ੍ਰਦੇਸ਼ ਅਤੇ (ਨੈਸ਼ਨਲ ਰਾਈਫਲ ਐਸੋਸੀਏਸ਼ਨ ਆਫ ਇੰਡੀਆ) ਅਤੇ ਪੂਨੇ ਵਿਖੇ ਪੈਰਾ ਉਲੰਪਿਕ ਕਮੇਟੀ ਆਫ ਇੰਡੀਆ ਵੱਲੋ ਆਯੋਜਿਤ ਰਾਸ਼ਟਰੀ ਨਿਸ਼ਾਨੇਬਾਜ਼ੀ ਚੈਂਪੀਅਨ ਰਾਸ਼ਟਰੀ ਪੈਰਾ ਸ਼ੂਟਿੰਗ ਦੇ ਵੱਖ ਵੱਖ ਮੁਕਾਬਲਿਆਂ ਵਿੱਚ ਪੰਜਾਬ ਲਈ ਕਾਂਸੀ ਦੇ ਤਗਮੇ ਜਿੱਤਣ ਤੇ ਬਾਅਦ ਦਲਬੀਰ ਸਿੰਘ ਨੇ ਪੰਜਾਬ ਦਾ ਨਾਮ ਭਾਰਤ ਵਰਸ਼ ਵਿੱਚ ਰੌਸ਼ਨ ਕਰਦਿਆਂ ,ਵਾਪਸ ਆਪਣੇ ਜੱਦੀ ਪਿੰਡ ਮੰਗੂਪੁਰ ( ਕਪੂਰਥਲਾ ) ਵਿਖੇ ਆਪਣੇ ਜੱਦੀ ਘਰ ਪਹੁੰਚਣ ਤੇ ਨਗਰ ਅਤੇ ਪਰਿਵਾਰ ਵੱਲੋ ਨਿੱਘਾ ਸਵਾਗਤ ਕੀਤਾ ਗਿਆ।ਅਤੇ ਪਿਤਾ ਗੁਰਚਰਨ ਸਿੰਘ ਨੇ ਖੁਸੀ ਪ੍ਰਗਟਾਉਦਿਆਂ ਸਿਰੋਪਾਉ ਅਤੇ ਗੁਲਦਸਤਾ ਭੇਟ ਕੀਤਾ।ਇਸ ਮੌਕੇ ਉਨਾ ਦੇ ਨੇੜਲੇ ਸਾਕ ਸੰਬੰਧੀਆਂ ਵਿੱਚ ਮਾਤਾ ਹਰਬੰਸ ਕੌਰ,ਸੁਰਜੀਤ ਸਿੰਘ, ਸਵਰਨ ਸਿੰਘ ਅਡਨਾਵਾਲੀ,ਤਰਲੋਚਨ ਸਿੰਘ ਜੋਧਾਨਗਰੀ,ਵਰਨਜੀਤ,ਨਿਰਮਲ ਜੀਤ,ਮਨਜੀਤ ਕੌਰ ਭਾਬੀ,ਪਰਮਜੀਤ ਕੌਰ , ਰਜਿੰਦਰ ਕੌਰ ਭੈਣ,ਨਵਲੀਨ ਆਦਿ ਹਾਜਰ ਸਨ।

# ਸਵਾਮੀ ਵੇਦਾ ਨੰਦ ਜੀ ਮਹਾਰਾਜ ਦੀ ਯਾਦ ਵਿੱਚ ਸਲਾਨਾ ਧਾਰਮਿਕ ਸਮਾਗਮ ਆਯੋਜਿਤ

## ਸੰਤਾਂ ਦੇ ਚਰਨਾਂ ਵਿੱਚ 68 ਤੀਰਥ ਹੁੰਦੇ ਨੇ:- ਸਵਾਮੀ ਅਨਮੋਲਕਾ ਨੰਦ ਮਹਾਰਾਜ

www.desipunjab.in





ਨੂਰਪੁਰਬੇਦੀ, 2 ਜਨਵਰੀ (ਅਜੈ ਪੁਰੀ)-ਵਿਸ਼ਵਕਰਮਾ ਮੰਦਿਰ ਨੂਰਪੁਰਬੇਦੀ ਵਿਖੇ ਅੱਜ ਬ੍ਰਹਮਲੀਨ ਸੰਤ ਸਵਾਮੀ ਵੇਦਾ ਨੰਦ ਜੀ ਮਹਾਰਾਜ ਦੀ ਯਾਦ ਵਿੱਚ ਸਲਾਨਾ ਧਾਰਮਿਕ ਸਮਾਗਮ ਕਰਵਾਇਆ ਗਿਆ।

ਜਿੱਥੇ ਅੱਜ ਸੁੰਦਰ ਕਾਂਡ ਪਾਠ ਦੇ ਪੰਡਿਤ ਆਦੇਸ਼ ਸ਼ਰਮਾ ਤੇ ਪੰਡਿਤ ਮੋਹਨ ਲਾਲ ਵੱਲੋਂ ਭੋਗ ਪਾਏ ਗਏ। ਇਸ ਧਾਰਮਿਕ ਸਮਾਗਮ ਵਿੱਚ ਇਲਾਕੇ ਭਰ ਦੇ ਸੰਤ ਮਹਾਂਪੁਰਸ਼ਾਂ ਨੇ ਸ਼ਮੂਲੀਅਤ ਕੀਤੀ।

ਧਾਰਮਿਕ ਸਮਾਗਮ ਦੌਰਾਨ ਸੰਗਤਾਂ ਨੂੰ ਪ੍ਰਵਚਨਾਂ ਨਾਲ ਨਿਹਾਲ ਕਰਨ ਦੇ ਲਈ ਸਵਾਮੀ ਅਨਮੋਲਕਾ ਨੰਦ ਜੀ ਮਹਾਰਾਜ ਡੇਰਾ ਬਾਬਾ ਮਸਤ ਸ਼ਾਮ ਵਾਲੇ ਉਚੇਚੇ ਰੂਪ ਵਿੱਚ ਪਹੁੰਚੇ।

ਇੱਥੇ ਸੰਗਤਾਂ ਨੂੰ ਸੰਬੋਧਿਤ ਕਰਦਿਆਂ ਸਵਾਮੀ ਅਨਮੋਲਕਾ ਨੰਦ ਮਹਾਰਾਜ ਨੇ ਕਿਹਾ ਕਿ ਸਵਾਮੀ ਵੇਦਾ ਨੰਦ ਜੀ ਵਰਗੇ ਮਹਾਨ ਸੰਤ ਵਿਰਲੇ ਹੀ ਮਿਲਦੇ ਹਨ।

ਧਾਰਮਿਕ ਸਮਾਗਮ ਦੌਰਾਨ ਭਾਰੀ ਸੰਖਿਆ ਵਿੱਚ ਪਹੁੰਚੇ ਸਾਧੂ ਸੰਤਾਂ ਦੇ ਸਨਮੁੱਖ ਹੁੰਦਿਆਂ ਅਨਮੋਲਕਾ ਨੰਦ ਨੇ ਕਿਹਾ ਕਿ ਸੰਤਾਂ ਦੇ ਚਰਨਾਂ ਵਿੱਚ 68 ਤੀਰਥਾਂ ਦੇ ਦਰਸ਼ਨ ਕਰਨ ਸਮਾਨ ਫਲ ਹੁੰਦਾ ਹੈ।

ਇਸ ਲਈ ਸੰਤਾਂ ਦੀ ਕਦੇ ਪ੍ਰੀਖਿਆ ਨਹੀਂ ਲੈਣੀ ਚਾਹੀਦੀ। ਬਲਕਿ ਸੰਤਾਂ ਦਾ ਹਰ ਵੇਲੇ ਸਨਮਾਨ ਕਰਨਾ ਚਾਹੀਦਾ ਹੈ। ਧਾਰਮਿਕ ਸਮਾਗਮ ਦੌਰਾਨ ਮਿੰਟੂ ਐਂਡ ਪਾਰਟੀ ਵੱਲੋਂ ਧਾਰਮਿਕ ਭੇਟਾਂ ਗਾ ਕੇ ਹਾਜ਼ਰੀ ਲਗਵਾਈ ਗਈ।

ਇਸ ਮੌਕੇ ਇੱਥੇ ਵਿਸ਼ਵਕਰਮਾ ਕਮੇਟੀ ਵੱਲੋ ਆਏ ਤਮਾਮ ਸੰਤ ਮਹਾਂਪੁਰਸ਼ਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਉੱਥੇ ਪ੍ਰਧਾਨ ਹਰਬੰਸ ਲਾਲ ਸ਼ਾਹ, ਖਜਾਨਚੀ ਮਹਿੰਦਰ ਸ਼ਾਹ, ਜਰਨਲ ਸਕੱਤਰ ਹਰਨੇਕ ਸਿੰਘ ਠੇਕੇਦਾਰ, ਰਣਵੀਰ ਸ਼ਾਹ, ਗੁਰਮੀਤ ਸਿੰਘ, ਜੋਗਿੰਦਰ ਸ਼ਾਹ, ਬਲਦੇਵ ਰਾਜ ਧੀਮਾਨ, ਬਿੱਕਾ ਸੀਰਾ, ਸੁਭਾਸ਼ ਚੰਦਰ, ਅਮਰ ਦੇਵ ਧੀਮਾਨ, ਗੌਰਵ ਰਾਣਾ, ਸੁਸ਼ਮਾ ਜੋਸ਼ੀ, ਹੈਪੀ ਸ਼ਾਹ, ਜਸਬੀਰ ਕੁਮਾਰ ਬਾਊ, ਜੋਨੀ ਜੱਟ, ਬਲਵੀਰ ਧੀਮਾਨ ਬੀਰਾ, ਸਮੇਤ ਸਮੂਹ ਸੇਵਾਦਾਰ ਤੇ ਨਗਰ ਖੇੜੇ ਦੇ ਸ਼ਰਧਾਲੂ ਮੌਜੂਦ ਸਨ। ਸੰਗਤਾਂ ਲਈ ਦਿਨ ਭਰ ਅਤੁੱਟ ਭੰਡਾਰਾ ਲਗਾਇਆ ਗਿਆ।

# ਪਿਛਲੇ ਸਾਲ: ਕਾਨਪੁਰ ਦੇ ਸੀ.ਪੀ. ਅਖਿਲ ਦੀ ਅਗਵਾਈ ਦੇ ਹੁਨਰ ਨੇ ਸਰਕਾਰ ਦੇ ਇਰਾਦਿਆਂ ਨੂੰ ਪੂਰਾ ਕੀਤਾ: ਦਰਜਨਾਂ ਗ੍ਰਿਫਤਾਰ

## ਪੁਲਿਸ ਕਮਿਸ਼ਨਰ ਅਖਿਲ ਕੁਮਾਰ ਦਾ ਕਾਰਜਕਾਲ ਦੇਸ਼ 'ਚ ਪਹਿਲੀ ਵਾਰ ਪੱਤਰਕਾਰਾਂ ਦੇ ਰੂਪ 'ਚ ਪੇਸ਼ ਆ ਰਹੇ ਅਪਰਾਧੀਆਂ ਦੇ ਅਵਨੀਸ਼ ਗਿਰੋਹ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਘਟਨਾਵਾਂ ਦੇ ਸਹੀ ਖੁਲਾਸੇ ਅਤੇ ਅਪਰਾਧੀਆਂ ਦੀ ਗ੍ਰਿਫਤਾਰੀ ਲਈ ਸੁਰਖੀਆਂ 'ਚ ਰਿਹਾ ਸੀ।

www.desipunjab.in

ਸੁਨੀਲ ਬਾਜਪਾਈ-ਕਾਨਪੁਰ। ਇੱਥੇ ਪੁਲਿਸ ਕਮਿਸ਼ਨਰੇਟ ਦਾ ਗਠਨ ਅਪਰਾਧੀਆਂ ਵਿਰੁੱਧ ਆਪਣੇ ਇਰਾਦੇ ਨੂੰ ਪੂਰਾ ਕਰਨ ਵਿੱਚ ਸਫਲ ਸਾਬਤ ਹੋਇਆ ਹੈ। ਇਸ ਦੌਰਾਨ ਦੇਸ਼ ਵਿੱਚ ਪਹਿਲੀ ਵਾਰ ਪੱਤਰਕਾਰ ਦੇ ਭੇਸ ਵਿੱਚ ਆਏ ਬਦਮਾਸ਼ ਗੈਂਗਸਟਰ ਅਵਨੀਸ਼ ਦੀਕਸ਼ਿਤ ਦੇ ਗਰੋਹ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਸੱਟੇਬਾਜ਼ਾਂ, ਜੁਆਰੀਆਂ, ਬਲਾਤਕਾਰੀਆਂ, ਅਗਵਾਕਾਰਾਂ, ਚੋਰਾਂ, ਲੁਟੇਰਿਆਂ, ਰਾਹਗੀਰਾਂ ਦੀ ਗ੍ਰਿਫ਼ਤਾਰੀ ਹੋਈ ਹੈ। ਚੋਰੀ ਹੋਏ ਸਾਮਾਨ ਦੀ ਬਰਾਮਦਗੀ ਦੇ ਨਾਲ-ਨਾਲ ਨਕਦੀ, ਬੰਦੂਕ ਅਤੇ ਕਾਰਤੂਸ ਆਦਿ ਵੀ ਬਰਾਮਦ ਕੀਤੇ ਗਏ ਹਨ।

ਪਿਛਲੇ ਸਾਲ, ਅਖਿਲ ਕੁਮਾਰ ਦੀ ਅਗਵਾਈ ਦੇ ਹੁਨਰ ਨੇ ਬਹੁਤ ਸਾਰੇ ਅਪਰਾਧੀਆਂ ਨੂੰ ਜ਼ਖਮੀ ਕਰਨ ਅਤੇ ਉਹਨਾਂ ਦੀ ਜਾਨ ਨੂੰ ਖਤਰੇ ਵਿੱਚ ਪਾਉਣ ਵਾਲੇ ਮੁਕਾਬਲੇ ਵਿੱਚ ਉਹਨਾਂ ਨੂੰ ਜੇਲ੍ਹ ਭੇਜਣ ਵਿੱਚ ਕਮਾਲ ਦੀ ਅਤੇ ਸ਼ਲਾਘਾਯੋਗ ਸਫਲਤਾ ਪ੍ਰਾਪਤ ਕੀਤੀ। ਜਿਸ ਨੇ ਵੀ ਕਾਨਪੁਰ ਨੂੰ ਅਪਰਾਧੀਆਂ ਦੇ ਖਿਲਾਫ ਕਾਰਵਾਈ 'ਚ ਪਹਿਲਾ ਸਾਬਤ ਕੀਤਾ।

ਅਪਰਾਧੀਆਂ ਵਿਰੁੱਧ ਤਸੱਲੀਬਖਸ਼ ਪ੍ਰਭਾਵਸ਼ਾਲੀ ਕਾਰਵਾਈ ਅਤੇ ਪੀੜਤਾਂ ਨੂੰ ਹਰ ਸੰਭਵ ਸਹਾਇਤਾ ਦੇਣ ਦੇ ਮਾਮਲੇ ਵਿਚ ਇਸ ਸੰਪੂਰਨਤਾ ਦਾ ਪੂਰਾ ਸਿਹਰਾ ਵੀ ਦੇਸ਼ ਅਤੇ ਸੂਬੇ ਦੇ ਇਮਾਨਦਾਰ ਅਤੇ ਇਮਾਨਦਾਰ ਆਈ.ਪੀ.ਐਸ. ਅਫਸਰਾਂ ਵਿਚੋਂ ਇਕ ਸੀਨੀਅਰ ਆਈ.ਪੀ.ਐਸ. ਅਖਿਲ ਨੂੰ ਜਾਂਦਾ ਹੈ, ਜਿਨ੍ਹਾਂ ਨੂੰ ਪੁਲਿਸ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਇੱਥੇ ਅਤੇ ਇੱਕ ਨਿਰਪੱਖ ਅਤੇ ਪਾਰਦਰਸ਼ੀ ਕੰਮ ਕਰਨ ਦੀ ਸ਼ੈਲੀ ਹੈ, ਕੁਮਾਰ ਦੀ ਦੂਰਦਰਸ਼ਤਾ ਪੂਰੀ ਕੁਸ਼ਲ ਅਗਵਾਈ ਅਤੇ ਸਖਤ ਮਿਹਨਤ ਨਾਲ ਹੈ।

ਖਾਸ ਗੱਲ ਇਹ ਹੈ ਕਿ ਕਾਨਪੁਰ ਨੂੰ ਇੱਕ ਜੁਝਾਰੂ ਪੁਲਿਸ ਕਮਿਸ਼ਨਰ ਵਜੋਂ ਹਰ ਨਜ਼ਰੀਏ ਤੋਂ ਸਭ ਤੋਂ ਸਫਲ ਆਈਪੀਐਸ ਏਡੀਜੀ ਅਖਿਲ ਕੁਮਾਰ ਦੀ ਪਹਿਲੀ ਬਰਸੀ ਮਨਾਉਣ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ। ਪਿਛਲੇ ਸਾਲ 3 ਜਨਵਰੀ ਨੂੰ ਕਾਨਪੁਰ ਦਾ ਪੁਲਿਸ ਕਮਿਸ਼ਨਰ ਬਣਾਏ ਜਾਣ ਤੋਂ ਬਾਅਦ ਯੋਗੀ ਸਰਕਾਰ ਦੇ ਇਰਾਦਿਆਂ 'ਤੇ ਖਰਾ ਉਤਰਦਿਆਂ ਕਾਨੂੰਨ ਅਤੇ ਅਮਨ-ਕਾਨੂੰਨ ਦੇ ਪੱਖ 'ਚ ਅਪਰਾਧੀਆਂ ਦੇ ਖਿਲਾਫ ਜਨਤਕ ਹਿੱਤਾਂ 'ਚ ਸ਼ਲਾਘਾਯੋਗ ਸਫਲਤਾ ਹਾਸਲ ਕਰਨ ਦਾ ਉਨ੍ਹਾਂ ਦਾ ਸਿਲਸਿਲਾ ਜਾਰੀ ਹੈ।

ਇਸ ਦੇ ਨਾਲ ਹੀ ਕਾਨਪੁਰ ਦੇ ਸੰਦਰਭ ਵਿੱਚ ਪਿਛਲੇ ਸਾਲ 2024 ਨੂੰ ਪੱਤਰਕਾਰੀ ਤੋਂ ਅਪਰਾਧੀਆਂ ਦੇ ਖਾਤਮੇ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ। ਜਿਸ ਦਾ ਪੂਰਾ ਸਿਹਰਾ ਪੁਲਿਸ ਕਮਿਸ਼ਨਰ ਅਖਿਲ ਕੁਮਾਰ ਦੀ ਨਿਡਰਤਾ ਨੂੰ ਜਾਂਦਾ ਹੈ, ਜੋ ਤੇਜ਼ ਫੈਸਲੇ ਲੈਣ ਵਿੱਚ ਮੋਹਰੀ ਸੀ, ਭਾਵ



ਅਦੁੱਤੀ ਸਾਹਸ, ਉਸਦੀ ਨਿਰਪੱਖਤਾ, ਉਸਦੀ ਪਾਰਦਰਸ਼ਤਾ ਅਤੇ ਉਸਦੇ ਲੜਨ ਵਾਲੇ ਸੁਭਾਅ ਨੂੰ। ਉਹ ਦੇਸ਼ ਦੇ ਪਹਿਲੇ ਆਈਪੀਐਸ ਅਧਿਕਾਰੀ ਹਨ, ਜਿਨ੍ਹਾਂ ਨੇ ਪੱਤਰਕਾਰੀ ਦੇ ਹਿੱਤ ਵਿੱਚ ਪ੍ਰਸ਼ੰਸਾ ਦੀਆਂ ਸੀਮਾਵਾਂ ਨੂੰ ਤੋੜਨ ਵਾਲਾ ਕੰਮ ਕੀਤਾ ਹੈ, ਜਿਵੇਂ ਕਿ ਇੱਕ ਪੱਤਰਕਾਰ ਦੇ ਰੂਪ ਵਿੱਚ ਇੱਕ ਅਪਰਾਧਿਕ ਮਾਫੀਆ ਗਰੋਹ ਦਾ ਪਰਦਾਫਾਸ਼ ਕਰਨ ਵਾਲੇ ਅਵਨੀਸ਼ ਦੀਕਸ਼ਿਤ ਦਾ ਪਰਦਾਫਾਸ਼ ਕਰਨਾ। ਯਾਦ ਰਹੇ ਕਿ ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆਂ ਵਿੱਚ ਪੱਤਰਕਾਰੀ ਦੀ ਆੜ ਵਿੱਚ ਹਰ ਤਰ੍ਹਾਂ ਦੇ ਅਪਰਾਧ ਕਰਨ ਵਾਲੇ ਅਜਿਹੇ ਬਦਮਾਸ਼ ਮਾਫ਼ੀਆ ਗਰੋਹ ਦਾ ਪਹਿਲਾਂ ਕਦੇ ਵੀ ਪਰਦਾਫਾਸ਼ ਨਹੀਂ ਹੋਇਆ।

ਵਿਭਾਗੀ ਸੂਤਰਾਂ ਅਨੁਸਾਰ ਇੰਨਾ ਹੀ ਨਹੀਂ ਸੀਨੀਅਰ ਆਈ.ਪੀ.ਐਸ.ਅਖਿਲ ਕੁਮਾਰ, ਜਿਸ ਨੇ ਲੋਕ ਹਿੱਤਾਂ ਦੀ ਮਜ਼ਬੂਤ ਵਿਚਾਰਧਾਰਾ ਜਿਵੇਂ ਕਿ ਕੋਈ ਵੀ ਬੇਕਸੂਰ ਨਾ ਫਸਾਏ ਅਤੇ ਨਾ ਹੀ ਕੋਈ ਅਪਰਾਧੀ ਬਖ਼ਸ਼ਿਆ ਜਾਵੇ, ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਈ, ਜਿਸ ਤਰ੍ਹਾਂ ਦੀ ਸਫ਼ਲ ਰਣਨੀਤੀ ਹੈ। ਨੇ ਹੁਣ ਤੱਕ ਅਪਰਾਧੀਆਂ ਦੇ ਖਿਲਾਫ ਅਪਣਾਇਆ ਹੈ, ਜਿਸ ਦੇ ਨਤੀਜੇ ਵਜੋਂ ਹਰ ਤਰ੍ਹਾਂ ਦੇ ਅਪਰਾਧੀ, ਮਾਫੀਆ, ਚੋਰ, ਲੁਟੇਰੇ, ਰਾਹਗੀਰ ਅਤੇ ਬਲਾਤਕਾਰੀ ਆਦਿ ਕਾਨੂੰਨ ਦੇ ਸ਼ਿਕੰਜੇ 'ਚ ਫਸਣ ਤੋਂ ਬਚ ਨਹੀਂ ਸਕੇ।

ਪੁਲਿਸ ਸੂਤਰਾਂ ਅਨੁਸਾਰ ਇਹ ਪ੍ਰਾਪਤੀ ਸ਼ਲਾਘਾਯੋਗ ਅਤੇ ਪ੍ਰਸ਼ੰਸਾਯੋਗ ਹੈ ਅਤੇ ਪ੍ਰਮਾਤਮਾ ਅਤੇ ਕਿਸਮਤ ਭਾਵ ਕਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਪੁਲਿਸ ਕਮਿਸ਼ਨਰ ਸੀਨੀਅਰ ਆਈਪੀਐਸ ਅਖਿਲ ਕੁਮਾਰ ਦੀ ਅਗਵਾਈ ਵਿੱਚ ਪੁਲਿਸ ਦੀ ਪ੍ਰਭਾਵਸ਼ਾਲੀ ਕਾਰਵਾਈ ਅਪਰਾਧ ਅਤੇ ਅਪਰਾਧੀਆਂ ਨੂੰ ਨੱਥ ਪਾਉਣ ਵੱਲ ਵੱਧ ਰਹੀ ਹੈ ਮਹੱਤਵਪੂਰਨ ਸਫਲਤਾ ਹਾਸਲ ਕੀਤੀ ਹੈ। ਆਮ ਜਨਤਾ ਵੀ ਇਸ ਤੋਂ ਵੱਡੀ ਰਾਹਤ ਮਹਿਸੂਸ ਕਰ ਰਹੀ ਹੈ।

ਇਸ ਦੌਰਾਨ ਸਦੀਆਂ ਪੁਰਾਣੀ ਟ੍ਰੈਫਿਕ ਸਮੱਸਿਆ ਨੂੰ ਪੂਰੀ ਤਰ੍ਹਾਂ ਖਤਮ ਕਰਨ ਅਤੇ ਨਿਰਵਿਘਨ ਟ੍ਰੈਫਿਕ ਪ੍ਰਦਾਨ ਕਰਨ ਦੇ ਆਪਣੇ ਯਤਨਾਂ ਵਿੱਚ ਪੂਰੀ ਤਰ੍ਹਾਂ ਸਫਲ ਰਹੇ ਸਾਦੇ ਅਤੇ ਨੇਕ ਸੁਭਾਅ ਦੇ ਪੁਲਿਸ ਕਮਿਸ਼ਨਰ ਅਖਿਲ ਕੁਮਾਰ ਨੇ ਅਪਰਾਧੀਆਂ ਵਿਰੁੱਧ ਕਾਰਵਾਈ ਕਰਨ ਵਿੱਚ ਲੋਕਾਂ ਦੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਨਾਲ ਹੀ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਯਾਦ ਰਹੇ ਕਿ ਪੁਲਿਸ ਕਮਿਸ਼ਨਰ ਸੀਨੀਅਰ ਆਈ.ਪੀ.ਐਸ.ਅਖਿਲ ਕੁਮਾਰ, ਜੋ ਕਿ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣ ਲਈ ਜਾਣੇ ਜਾਂਦੇ ਹਨ, ਇੱਕ ਜਾਣੇ-ਪਛਾਣੇ, ਸੁਚੱਜੇ, ਮਿਹਨਤੀ ਪੁਲਿਸ ਕਮਿਸ਼ਨਰ ਹਨ, ਜਿੱਥੇ ਉਹ ਪਹਿਲਾਂ ਵੀ ਤਾਇਨਾਤ ਰਹੇ ਹਨ, ਉਨ੍ਹਾਂ ਨੇ ਆਪਣੀ ਡਿਊਟੀ ਦਾ ਸਬੂਤ ਵੀ ਦਿੱਤਾ ਹੈ। ਵ੍ਹਾਈਟ-ਕਾਲਰ ਮਾਫੀਆ ਅਪਰਾਧੀਆਂ, ਦਲਾਲਾਂ ਅਤੇ ਭ੍ਰਿਸ਼ਟ ਲੋਕਾਂ ਦੇ ਖਿਲਾਫ ਪੁਲਿਸ ਕਰਮੀਆਂ ਨੂੰ ਵੀ ਬਹੁਤ ਸਾਰਾ ਸਬਕ ਸਿਖਾਉਣ ਵਿੱਚ ਸਫਲ ਰਹੇ ਹਨ। ਵਰਤਮਾਨ ਵਿੱਚ, ਆਮ ਲੋਕ ਵੀ ਸਖ਼ਤ ਮਿਹਨਤੀ, ਜੁਝਾਰੂ ਰਵੱਈਏ ਦੇ ਸੀਨੀਅਰ ਆਈਪੀਐਸ ਅਖਿਲ ਕੁਮਾਰ ਦੇ ਲੀਡਰਸ਼ਿਪ ਹੁਨਰ ਦਾ ਆਨੰਦ ਮਾਣ ਰਹੇ ਹਨ, ਜਿਨ੍ਹਾਂ ਨੇ ਕਾਨੂੰਨ ਅਤੇ ਸ਼ਾਂਤੀ ਦੇ ਪੱਖ ਵਿੱਚ ਕਾਨਪੁਰ ਵਿੱਚ ਸਭ ਤੋਂ ਸਫਲ ਪੁਲਿਸ ਕਮਿਸ਼ਨਰ ਵਜੋਂ ਇੱਕ ਸਾਲ ਪੂਰਾ ਕੀਤਾ ਹੈ।

# ਅਗਰਵਾਲ ਪੀਰਖਾਨਾ ਵੱਲੋਂ ਇੱਕ ਸਾਮ ਪੀਰਾਂ ਦੇ ਨਾਮ ਅਯੋਜਿਤ

www.desipunjab.in



ਗਿੱਦੜਬਾਹਾ/ਨਰਿੰਦਰ ਵਧਵਾ/ ਸਾਲ 2025 ਨੂੰ ਖੁਸ਼ ਆਮਦੀਦ ਕਹਿਣ ਲਈ ਸਥਾਨਕ ਅਗਰਵਾਲ ਪੀਰਖਾਨਾ ਵਿਖੇ ਬੀਤੀ ਰਾਤ ਪੀਰ ਮੀਰਾ ਸਾਹਿਬ ਬਾਬਾ ਜੀ ਦਾ ਧਾਰਮਿਕ ਸਮਾਰੋਹ ਇੱਕ ਸ਼ਾਮ ਪੀਰਾਂ ਦੇ ਨਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਾਬਾ ਡਿੰਪਲ ਸਿੰਗਲਾ, ਬਾਬਾ ਕਾਲਾ, ਪ੍ਰਦੀਪ ਬਾਂਸਲ ਦੀਪਾ ਬਾਬਾ ਅਤੇ ਮਨਜੀਤ ਸ਼ੇਖ ਵੱਲੋਂ ਦੀਵਾਨ ਸਜਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਗਰਵਾਲ ਪੀਰਖਾਨਾ ਕਮੇਟੀ ਦੇ ਓਮ ਪ੍ਰਕਾਸ਼ ਕਾਕਾ ਨੇ ਦੱਸਿਆ ਕਿ ਸਮਾਰੋਹ ਦੌਰਾਨ ਭਜਨ ਗਾਇਕ ਬੰਟੀ ਸ਼ਰਮਾ ਐਡ ਪਾਰਟੀ ਸੁੰਦਰ ਭੇਟਾਂ ਦਾ ਗੁਣਗਾਨ ਕੀਤਾ ਗਿਆ। ਅਗਰਵਾਲ ਪੀਰਖਾਨਾ ਕਮੇਟੀ ਦੇ ਸਾਰੇ ਮੈਂਬਰਾਂ ਦੀ ਅਗਵਾਈ ਵਿੱਚ ਪੀਰਖਾਨਾ ਕਮੇਟੀ ਵੱਲੋਂ ਨਵੇਂ ਸਾਲ ਦੀ ਖੁਸ਼ੀ ਵਿੱਚ ਕੇਕ ਕੱਟਿਆ ਗਿਆ। ਇਸ ਮੌਕੇ ਬਾਬਾ ਜੀ ਦਾ ਅਟੁੱਟ ਲੰਗਰ ਵੀ ਵਰਤਾਇਆ ਗਿਆ ਇਸ ਸਮਾਰੋਹ ਵਿੱਚ ਨਗਰ ਕੌਂਸਲ ਦੇ ਪ੍ਰਧਾਨ ਨਰਿੰਦਰ ਮੁੰਜਾਲ ਬਿੰਟਾਂ ਅਰੋੜਾ , ਆੜ੍ਹਤੀਆਂ ਐਸੋਸੀਏਸ਼ਨ ਦੇ ਪ੍ਰਧਾਨ ਵਨੀਤ ਜਿੰਦਲ ਮੋਂਟੀ, ਸ਼ਾਮ ਸੁੰਦਰ ਛਿੰਦੀ, ਸੁਰਿੰਦਰ ਬਾਂਸਲ, ਅਨਿਲ ਗਰਗ, ਬਿੱਟੂ ਸਚਦੇਵਾ, ਮਹਿੰਦਰਪਾਲ ਗਰਗ, ਸੁਰੇਸ਼ ਅਗਰਵਾਲ,ਡਾ ਅਨਿਲ ਗਰਗ, ਦੀਪਕ ਜੈਨ ਤੇਤਾਂ, ਬਾਂਬਾ ਦਲਜੀਤ, ਮਹੇਸ਼ ਬਾਂਸਲ, ਬਲਦੇਵ ਮੰਗਲਾ, ਰਾਜਿੰਦਰ ਗਰੇਵਰ ਅਤੇ ਅਰਵਿੰਦ ਕੁਮਾਰ ਆਦਿ ਵੀ ਹਾਜ਼ਰ ਸਨ।

# ਪੰਜਾਬ ਲੋਕ ਸੇਵਾ ਕਮਿਸ਼ਨ ਨੇ ਸਹਾਇਕ ਟਾਊਨ ਪਲਾਨਰ (ਗਰੁੱਪ ਏ) ਦੀਆਂ 37 ਅਸਾਮੀਆਂ ਲਈ ਨਤੀਜੇ ਐਲਾਨੇ

www.desipunjab.in

ਪਟਿਆਲਾ, 1 ਜਨਵਰੀ:

ਪੰਜਾਬ ਲੋਕ ਸੇਵਾ ਕਮਿਸ਼ਨ (ਪੀਪੀਐਸਸੀ) ਨੇ ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਵਿੱਚ ਸਹਾਇਕ ਟਾਊਨ ਪਲਾਨਰ (ਗਰੁੱਪ ਏ) ਦੀਆਂ 37 ਅਸਾਮੀਆਂ ਲਈ ਅੰਤਿਮ ਨਤੀਜੇ ਘੋਸ਼ਿਤ ਕਰ ਦਿੱਤੇ ਹਨ। ਇਹ ਭਰਤੀਆਂ ਨਗਰ ਨਿਗਮ, ਮਿਉਂਸਪਲ ਕਮੇਟੀਆਂ, ਨਗਰ ਪੰਚਾਇਤਾਂ ਅਤੇ ਇੰਪਰੂਵਮੈਂਟ ਟਰੱਸਟਾਂ ਲਈ ਕੀਤੀਆਂ ਗਈਆਂ ਹਨ। ਪੰਜਾਬ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਦੱਸਿਆ ਕਿ 24 ਸਤੰਬਰ, 2023 ਨੂੰ ਲਈ ਗਈ ਸਾਂਝੀ ਲਿਖਤੀ ਪ੍ਰੀਖਿਆ ਲਈ ਕੁੱਲ 587 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ, ਜਿਸ ਤੋਂ ਬਾਅਦ 31 ਦਸੰਬਰ, 2024 ਤੋਂ 1 ਜਨਵਰੀ, 2025 ਤੱਕ ਹੋਈ ਇੰਟਰਵਿਊ ਲਈ 49 ਉਮੀਦਵਾਰਾਂ ਨੂੰ ਸ਼ਾਰਟਲਿਸਟ ਕੀਤਾ ਗਿਆ ਸੀ। ਸੰਯੁਕਤ ਮੈਰਿਟ ਸੂਚੀ ਅਤੇ ਸ਼੍ਰੇਣੀ ਅਨੁਸਾਰ ਮੈਰਿਟ ਸੂਚੀਆਂ ਨੂੰ PPSC ਦੀ ਅਧਿਕਾਰਤ ਵੈੱਬਸਾਈਟ (www.ppsc.gov.in) 'ਤੇ ਅਪਲੋਡ ਕੀਤਾ ਗਿਆ ਹੈ। ਚੇਅਰਮੈਨ ਔਲਖ ਨੇ ਦੱਸਿਆ ਕਿ ਸਾਰੀ ਭਰਤੀ ਪ੍ਰਕਿਰਿਆ ਨਿਰਪੱਖ, ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਨੇਪਰੇ ਚੜ੍ਹੀ ਹੈ।

# ਰਾਸ਼ਟਰੀ ਟੀ.ਬੀ ਮੁਕਤ ਅਭਿਆਨ ਤਹਿਤ ਡਾਇਟ ਕਿੱਟਾ ਅਤੇ ਜਾਗਰੂਕਤਾਂ ਵੈਨ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ

www.desipunjab.in



ਰਣਜੀਤ ਸਿੰਘ ਮਸੌਣ/ਜੋਗਾ ਸਿੰਘ

ਅੰਮ੍ਰਿਤਸਰ 2 ਜਨਵਰੀ -ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਰਾਸ਼ਟਰੀ ਟੀ.ਬੀ ਮੁਕਤ ਅਭਿਆਨ ਸਬੰਧੀ ਮਾਣਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਅਤੇ ਸਿਵਲ ਸਰਜਨ ਡਾ. ਕਿਰਨਦੀਪ ਕੌਰ ਵੱਲੋਂ ਡਾਇਟ ਕਿੱਟਾ ਨਾਲ ਲੈਸ ਇੱਕ ਜਾਗਰੂਕਤਾਂ ਵੈਨ ਨੂੰ ਹਰੀ ਝੰਡੀ ਦੇ ਕੇ ਪੂਰੇ ਜਿਲ੍ਹੇ ਭਰ ਲਈ ਰਵਾਨਾ ਕੀਤਾ ਗਿਆ। ਇਸ ਦੌਰਾਨ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋ ਟੀ.ਬੀ ਦੇ ਖ਼ਾਤਮੇ ਲਈ ਚਲਾਈ ਜਾ ਰਹੀ ਇਸ ਮੁਹਿੰਮ ਦਾ ਮੁੱਖ ਉਦੇਸ਼ ਟੀ.ਬੀ ਦੇ ਲੁਕੇ ਹੋਏ ਐਕਟਿਵ ਕੇਸਾਂ ਦੀ ਭਾਲ ਕਰਨਾ ਅਤੇ ਇਲਾਜ਼ ਕਰਵਾਉਣਾ ਹੈ। ਉਹਨਾਂ ਆਖਿਆ ਕਿ ਟੀ.ਬੀ ਵਰਗੀ ਬਿਮਾਰੀ ਨਾਲ ਲੜਨ ਲਈ ਮਰੀਜ਼ ਨੂੰ ਹਾਈ ਪ੍ਰੋਟੀਨ ਖ਼ੁਰਾਕ ਦੀ ਸਖ਼ਤ ਲੋੜ ਹੁੰਦੀ ਹੈ। ਇਸ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਐਨਜੀਓ ਦੀ ਮੱਦਦ ਨਾਲ 1700 ਹਾਈ ਪ੍ਰੋਟੀਨ ਡਾਇਟ ਕਿੱਟਾ ਮੁਹੱਈਆ ਕਰਵਾਈਆ ਗਈਆ ਹਨ। ਇਹਨਾਂ ਕਿੱਟਾ ਵਿੱਚ ਮਰੀਜਾਂ ਲਈ ਟੀ.ਬੀ ਦੀ ਬਿਮਾਰੀ ਨਾਲ ਜੂਝਣ ਲਈ ਸਾਰੇ ਜ਼ਰੂਰੀ ਖ਼ੁਰਾਕੀ ਤੱਤ ਮੌਜ਼ੂਦ ਹਨ ਅਤੇ ਇਹ ਕਿੱਟਾ ਟੀ.ਬੀ ਦੇ ਮਰੀਜਾਂ ਤੱਕ ਐਸਟੀਐਸ ਅਤੇ ਟੀ.ਬੀ ਸਟਾਫ਼ ਦੀ ਮੱਦਦ ਨਾਲ ਹਰ ਮਹੀਨੇ ਪਹੁੰਚਾਈਆਂ ਜਾਣਗੀਆਂ। ਉਹਨਾਂ ਕਿਹਾ ਕਿ ਟੀ.ਬੀ ਦੇ ਮਰੀਜਾਂ ਨੂੰ ਆਪ ਅੱਗੇ ਆਕੇ ਆਪਣਾ ਮੁਫ਼ਤ ਇਲਾਜ਼ ਅਤੇ ਜਾਂਚ ਕਰਵਾਉਣੀ ਚਾਹੀਦੀ ਹੈ।

ਸਿਵਲ ਸਰਜਨ ਡਾ. ਕਿਰਨਦੀਪ ਕੌਰ ਨੇ ਇਸ ਅਵਸਰ ਤੇ ਕਿਹਾ ਕਿ ਸਿਹਤ ਵਿਭਾਗ ਅੰਮ੍ਰਿਤਸਰ ਵੱਲੋਂ "ਜਨ ਜਨ ਦਾ ਰੱਖੇ ਧਿਆਨ, ਟੀ.ਬੀ ਮੁਕਤ ਭਾਰਤ ਅਭਿਆਨ" ਦਾ ਸੁਪਨਾ ਸਾਕਾਰ ਕਰਨ ਲਈ ਜੀ ਜਾਨ ਨਾਲ ਮਿਹਨਤ ਕੀਤੀ ਜਾ ਰਹੀ ਹੈ, ਤਾਂ ਜੋਂ 2025 ਤੱਕ ਜ਼ਿਲੇ ਨੂੰ ਟੀ.ਬੀ ਮੁਕਤ ਬਣਾਇਆ ਜਾ ਸਕੇ।

ਉਹਨਾਂ ਕਿਹਾ ਕਿ ਇਸ ਵੈਨ ਵਿੱਚ ਲੋਕਾਂ ਨੂੰ ਟੀ.ਬੀ ਪ੍ਰਤੀ ਜਾਗਰੂਕ ਕਰਨ ਲਈ ਆਈਈਸੀ ਮਟਰੀਅਲ ਰਾਹੀਂ ਇਸ ਬਿਮਾਰੀ ਪ੍ਰਤੀ ਜਾਗਰੂਕ ਕੀਤਾ ਜਾਵੇਗਾ ਇਸ ਮੌਕੇ ਤੇ ਸਟੇਟ ਨੋਡਲ ਅਫ਼ਸਰ ਡਾ. ਜਸਕੀਰਤ ਸਿੰਘ, ਜ਼ਿਲ੍ਹਾ ਟੀ.ਬੀ ਅਫ.ਸਰ ਡਾ. ਵਿਜੈ ਗੋਤਵਾਲ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਅਮਰਦੀਪ ਸਿੰਘ ਅਤੇ ਸਮੂਹ ਸਟਾਫ਼ ਹਾਜ਼ਰ ਸਨ।

# ਡੀ.ਸੀ. ਵੱਲੋਂ ਪਟਿਆਲਾ ਜ਼ਿਲ੍ਹੇ 'ਚ ਚੱਲ ਸਾਰੇ ਪ੍ਰੋਜੈਕਟ ਨਿਰਧਾਰਤ ਸਮੇਂ 'ਚ ਪੂਰੇ ਕਰਨ ਦੇ ਨਿਰਦੇਸ਼

ਪਟਿਆਲਾ, 2 ਜਨਵਰੀ:

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਜ਼ਿਲ੍ਹੇ 'ਚ ਚੱਲ ਰਹੇ ਵੱਖ ਵੱਖ ਪ੍ਰੋਜੈਕਟਾਂ ਦੇ ਕੰਮ ਦਾ ਜਾਇਜ਼ਾ ਲੈਂਦਿਆਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਪ੍ਰੋਜੈਕਟ ਨਿਰਧਾਰਤ ਸਮੇਂ ਵਿੱਚ ਪੂਰੇ ਕਰਨੇ ਯਕੀਨੀ ਬਣਾਏ ਜਾਣ ਅਤੇ ਚੱਲ ਰਹੇ ਸਾਰੇ ਕੰਮਾਂ ਦੀ ਪੜਾਅ ਵਾਰ ਟਾਈਮ ਲਾਈਨ ਨਿਸ਼ਚਿਤ ਕੀਤੀ ਜਾਵੇ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਐਸ.ਡੀ.ਐਮ. ਸਮਾਣਾ ਤਰਸੇਮ ਚੰਦ, ਨਗਰ ਨਿਗਮ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ, ਸਹਾਇਕ ਕਮਿਸ਼ਨਰ (ਜ) ਰਿਚਾ ਗੋਇਲ ਵੀ ਮੌਜੂਦ ਸਨ।

ਡਾ. ਪ੍ਰੀਤੀ ਯਾਦਵ ਨੇ ਸ਼ਹਿਰ ਵਾਸੀਆਂ ਨੂੰ 24 ਘੰਟੇ ਸੱਤੇ ਦਿਨ ਨਿਰਵਿਘਨ ਜਲ ਸਪਲਾਈ ਪ੍ਰਾਜੈਕਟ, ਸੜਕਾਂ ਦੀ ਮੁਰੰਮਤ, ਠੋਸ ਕੂੜਾ ਪ੍ਰਬੰਧਨ, ਮਾਡਲ ਸਬ ਰਜਿਸਟਰਾਰ ਦਫ਼ਤਰ, ਨਾਰਥਨ ਬਾਈਪਾਸ, ਐਸ.ਟੀ.ਪੀ ਤੇ ਡਬਲਿਊ.ਟੀ.ਪੀ, ਬਰਸਾਤਾਂ ਦੇ ਮੌਸਮ ਵਿੱਚ ਬਰਸਾਤੀ ਪਾਣੀ ਦੇ ਨਿਕਾਸ ਦੇ ਸਮੱਸਿਆ ਦੇ ਹੱਲ ਲਈ ਕੀਤੇ ਜਾ ਰਹੇ ਉਪਰਾਲਿਆਂ ਸਬੰਧੀ ਸਬੰਧਤ ਵਿਭਾਗਾਂ ਨਾਲ ਬੈਠਕ ਕਰਦਿਆਂ ਨਿਰਦੇਸ਼ ਦਿੱਤੇ ਕਿ ਸਾਰੇ ਚੱਲ ਕੰਮ ਬਿਨ੍ਹਾਂ ਕਿਸੇ ਦੇਰੀ ਦੇ ਮੁਕੰਮਲ ਕੀਤੇ ਜਾਣ ਅਤੇ ਜਿਹੜੇ ਕੰਮਾਂ ਵਿੱਚ ਇਕ ਤੋਂ ਜ਼ਿਆਦਾ ਵਿਭਾਗਾਂ ਦੀ ਸ਼ਮੂਲੀਅਤ ਹੈ ਉਹ ਨਿਰੰਤਰ ਮੀਟਿੰਗਾਂ ਕਰਕੇ ਆਪਸੀ ਤਾਲਮੇਲ ਨਾਲ ਕੰਮ ਦੀ ਰਫ਼ਤਾਰ ਨੂੰ ਹੋਰ ਤੇਜ਼ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਰਸਾਤਾਂ ਦੇ ਮੌਸਮ ਵਿੱਚ ਪਾਣੀ ਦੀ ਨਿਕਾਸੀ ਦੀ ਵੱਡੀ ਸਮੱਸਿਆ ਰਹਿੰਦੀ ਹੈ, ਇਸ ਲਈ ਨਗਰ ਨਿਗਮ, ਨਗਰ ਸੁਧਾਰ ਟਰੱਸਟ ਤੇ ਪੀ.ਡੀ.ਏ ਆਪਣੇ ਅਧੀਨ ਪੈਂਦੇ ਖੇਤਰਾਂ ਦੀ ਹੁਣੇ ਤੋਂ ਹੀ ਪਾਣੀ ਦੀ ਨਿਕਾਸੀ ਦੀ ਸਮੱਸਿਆ ਲਈ ਕੰਮ ਕਰਨਾ ਸ਼ੁਰੂ ਕਰਨ ਤਾਂ ਜੋ ਲੋਕਾਂ ਨੂੰ ਬਰਸਾਤਾਂ ਦੇ ਮੌਸਮ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।




ਅਸੀਂ ਮਾਣ ਮਹਿਸੂਸ ਕਰ ਰਹੇ ਹਾਂ ਕਿਉਂਕਿ ਸਾਡੇ ਸਕੂਲ ਨੂੰ ਇਹਨਾਂ FAP ਪੁਰਸਕਾਰਾਂ ਨਾਲ ਮਾਨਤਾ ਦਿੱਤੀ ਗਈ ਹੈ। ਇਹ ਪ੍ਰਾਪਤੀ ਸਾਡੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ ਦੇ ਸਮੂਹਿਕ ਯਤਨਾਂ ਦਾ ਨਤੀਜਾ ਹੈ, ਜਿਨ੍ਹਾਂ ਨੇ ਅਕਾਦਮਿਕ ਉੱਤਮਤਾ ਦੇ ਉੱਚੇ ਮਿਆਰਾਂ ਨੂੰ ਕਾਇਮ ਰੱਖਣ ਲਈ ਅਣਥੱਕ ਮਿਹਨਤ ਕੀਤੀ ਹੈ। ਅਸੀਂ ਸਾਡੇ ਯੋਗਦਾਨਾਂ ਨੂੰ ਸਵੀਕਾਰ ਕਰਨ ਲਈ FAP ਦੇ ਸ਼ੁਕਰਗੁਜ਼ਾਰ ਹਾਂ ਅਤੇ ਆਪਣੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਯਤਨਾਂ ਨੂੰ ਜਾਰੀ ਰੱਖਣ ਦੀ ਉਮੀਦ ਕਰਦੇ ਹਾਂ।"

## ਆਗਮਨ ਪੁਰਬ ਨੂੰ ਸਮ੍ਰਪਿਤ ਗੁਰਮਤਿ ਸਮਾਗਮ ਭਲਕੇ



ਲੁਧਿਆਣਾ 2 ਜਨਵਰੀ ( ਕਰਨੈਲ ਸਿੰਘ ਐੱਮ.ਏ. ) ਧਰਮ ਤੇ ਵਿਰਸਾ ਕਲੱਬ ਵੱਲੋਂ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਸਮੇਸ਼ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਨੂੰ ਸਮ੍ਰਪਿਤ ਧਾਰਮਿਕ ਗੁਰਮਤਿ ਤੇ ਕੀਰਤਨ ਸਮਾਗਮ 4 ਜਨਵਰੀ ਦਿਨ ਸ਼ਨਿਚਰਵਾਰ ਨੂੰ ਸਾਮ 6,30 ਵਜੇ ਤੋਂ ਰਾਤ 9.30 ਵਜੇ ਤੱਕ ਸਥਾਨ ਦੁਸਹਿਰਾ ਗਰਾਊਂਡ, ਮੈਟਰੋ ਰੋਡ ਨਜਦੀਕ ਪ੍ਰਤਾਪ ਚੌਂਕ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਕਲੱਬ ਦੇ ਪ੍ਰਧਾਨ ਸਰੂਪ ਸਿੰਘ ਮਠਾੜੂ, ਚੇਅਰਮੈਨ ਇੰਦਰਪ੍ਰੀਤ ਸਿੰਘ ਟਿਵਾਣਾ, ਵਾਈਸ ਚੇਅਰਮੈਨ ਮਨਜੀਤ ਸਿੰਘ ਹਰਮਨ ਨੇ ਦੱਸਿਆ ਕਿ ਇਨ੍ਹਾਂ ਗੁਰਮਤਿ ਸਮਾਗਮ 'ਚ ਜੱਥਾ ਭਾਈ ਪਰਮਿੰਦਰ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣਾ ਵਾਲੇ ਇਲਾਹੀ ਬਾਣੀ ਦਾ ਆਨੰਦਮਈ ਕੀਰਤਨ ਦੀ ਸੇਵਾ ਨਿਭਾਉਣਗੇ। ਕਲੱਬ ਦੇ ਕੈਸ਼ੀਅਰ ਸੁਰਜੀਤ ਸਿੰਘ ਨੈਬਸ਼ਨ ਨੇ ਦੱਸਿਆ ਕਿ ਸਰਦੀ ਦੇ ਮੌਸਮ ਦੀਆਂ ਠੰਡੀਆਂ ਹਵਾਵਾਂ ਨੂੰ ਦੇਖਦੇ ਹੋਏ ਸਮੁੱਚੀਆਂ ਸੰਗਤਾਂ ਲਈ ਹੀਟਰਾਂ ਦਾ ਪ੍ਰਬੰਧਕ ਵੀ ਕੀਤਾ ਗਿਆ ਹੈ। ਨੈਬਸ਼ਨ ਨੇ ਸਮੁੱਚੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਕਰਦਿਆਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਵਿੱਚ ਸਮੇਂ ਸਿਰ ਹਾਜਰੀ ਭਰ ਕੇ ਅਪਣਾ ਜੀਵਨ ਸਫਲਾ ਕਰਨਾ ਜੀ। ਰਣਜੀਤ ਸਿੰਘ ਮਠਾੜੂ ਮੀਤ ਪ੍ਰਧਾਨ ਨੇ ਦੱਸਿਆ ਕਿ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਸੂਬਾ ਸਿੰਘ ਨੈਬਸ਼ਨ, ਰਜਿੰਦਰ ਸਿੰਘ ਸੈਂਸ, ਬਲਵਿੰਦਰ ਸਿੰਘ ਤੱਗੜ (ਬੀਟੀਐਲ), ਰਣਜੀਤ ਸਿੰਘ ਮਠਾੜੂ, ਦਲਜੀਤ ਸਿੰਘ ਬੱਬੂ, ਗੁਰਪਾਲ ਸਿੰਘ ਪਾਲਾ, ਜਗਦੀਪ ਸਿੰਘ ਰਿੰਕੂ, ਤਰਨਜੀਤ ਸਿੰਘ ਪੀਟਰ, ਮਨਜੀਤ ਸਿੰਘ, ਰਣਜੀਤ ਸਿੰਘ ਬਾਂਸਲ ਵੀ ਹਾਜ਼ਰ ਸਨ।

## ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੰਗਤਾਂ ਦਾ ਰਿਕਾਰਡ ਤੋੜ ਇਕੱਠ- ਡਾ. ਵਿਜੇ ਸਤਬੀਰ ਸਿੰਘ

ਰਣਜੀਤ ਸਿੰਘ ਮਸੌਣ -ਅੰਮ੍ਰਿਤਸਰ 2 ਜਨਵਰੀ-ਡਾ.ਵਿਜੇ ਸਤਬੀਰ ਸਿੰਘ ਪ੍ਰਸ਼ਾਸਕ ਗੁਰਦੁਆਰਾ ਸੱਚਖੰਡ ਬੋਰਡ ਨਾਂਦੇੜ ਨੇ ਨਵੇਂ ਈਸਵੀ ਸਾਲ 2025 ਦੀਆਂ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੀਆਂ ਨਾਨਕ ਨਾਮ ਲੇਵਾ ਸਮੂੰਹ ਸੰਗਤਾਂ ਨੂੰ ਵਧਾਈਆਂ ਦੇਂਦੇ ਹੋਏ ਕਿਹਾ ਕਿ ਨਵਾਂ ਸਾਲ ਸਾਰਿਆਂ ਨੂੰ ਮੁਬਾਰਕ ਹੋਵੇ ਤੇ ਜਿੰਦਗੀ ਵਿੱਚ ਹਰ ਤਰ੍ਹਾਂ ਦੇ ਸੁੱਖਾਂ ਦੀ ਪ੍ਰਾਪਤੀ ਹੋਵੇ,

ਆਪਸੀ ਪ੍ਰੇਮ, ਪਿਆਰ ਤੇ ਭਾਈਚਾਰਕ ਸਾਂਝ ਵਿੱਚ ਹੋਰ ਵਾਧਾ ਹੋਵੇ। ਉਨ੍ਹਾਂ ਦੱਸਿਆ ਕਿ ਤਖ਼ਤ ਸੱਚਖੰਡ ਸਾਹਿਬ ਵਿਖੇ ਪਿਛਲੇ ਕਈ ਸਾਲਾਂ ਦੇ ਮੁਕਾਬਲੇ 31 ਦਸੰਬਰ ਦੀ ਰਾਤ ਨੂੰ ਸੰਗਤਾਂ ਦਾ ਰਿਕਾਰਡ ਤੋੜ ਇਕੱਠ ਹੋਇਆ। ਦੁਨੀਆਂ ਭਰ ਤੋਂ ਪੁੱਜੀਆਂ ਸੰਗਤਾਂ ਲਈ ਸਰਾਵਾਂ ਅਤੇ ਬਾਹਰ ਹੋਟਲਾਂ ਵਿੱਚ ਰਿਹਾਇਸ਼ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ, ਇਥੋਂ ਤੱਕ ਕਿ ਪਰੀਸਰ ਵਿੱਚ ਗੁਰਦੁਆਰੇ ਦੇ ਦਫ਼ਤਰ ਵੀ ਖ਼ਾਲੀ ਕਰਕੇ ਰਿਹਾਇਸ਼ ਲਈ ਦਿੱਤੇ ਗਏ। ਸਭ ਤੋਂ ਵੱਡੀ ਗੱਲ ਕਿ ਸੱਚਖੰਡ ਪਰੀਸਰ ਦੇ ਨਾਲ ਗੈਲਰੀਆਂ ਤੇ ਛੱਤਾਂ ਵੀ ਸੰਗਤਾਂ ਦੇ ਇਕੱਠ ਨਾਲ ਭਰੀਆਂ ਪਈਆਂ ਸਨ।

ਨਵੇਂ ਸਾਲ ਦੀ ਆਮਦ 'ਤੇ ਹਰ ਸਾਲ ਦੀ ਤਰ੍ਹਾਂ ਬਾਵਾ ਪਰਿਵਾਰ ਮੁੰਬਈ ਵੱਲੋਂ 31 ਦਸੰਬਰ ਦੀ ਰਾਤ ਨੂੰ ਹੋਏ ਕੀਰਤਨ ਸਮਾਗਮ ਵਿੱਚ ਪੰਥ ਪ੍ਰਸਿੱਧ ਰਾਗੀ ਜੱਥਾ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸਿਮਰਜੀਤ ਸਿੰਘ ਜੀ ਤੇ ਬਾਬਾ ਕੁੰਦਨ ਸਿੰਘ ਭਲਾਈ ਕੇਂਦਰ ਦੇ ਵਿਦਿਆਰਥੀਆਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

1 ਜਨਵਰੀ ਨੂੰ ਭਾਈ ਤੇਜਿੰਦਰ ਸਿੰਘ ਜੀ (ਆਸ਼ੂ ਵੀਰ ਜੀ) ਦਿੱਲੀ ਵੱਲੋਂ ਕਰਵਾਏ ਕੀਰਤਨ ਸਮਾਗਮ ਵਿੱਚ ਭਾਈ ਅਮਰਜੀਤ ਸਿੰਘ ਜੀ ਪਟਿਆਲਾ ਵਾਲੇ, ਭਾਈ ਗੁਰਪ੍ਰੀਤ ਸਿੰਘ ਜੀ ਸ਼ਿਮਲੇ ਵਾਲੇ, ਭਾਈ ਗੁਰਪ੍ਰੀਤ ਸਿੰਘ ਜੀ ਬਾਬਾ ਬਕਾਲਾ ਨੇ ਹਾਜ਼ਰੀਆਂ ਭਰੀਆਂ।

ਇਸ ਮੌਕੇ ਸਿੰਘ ਸਾਹਿਬ ਜੱਥੇਦਾਰ ਬਾਬਾ ਕੁਲਵੰਤ ਸਿੰਘ ਜੀ ਤੇ ਸਮੂੰਹ ਪੰਜ ਪਿਆਰੇ ਸਾਹਿਬਾਨ ਹਾਜ਼ਰ ਸਨ। ਗੁਰਦੁਆਰਾ ਬੋਰਡ ਵੱਲੋਂ ਦੁਸ਼ਟ ਦਮਨ ਜੰਤਰੀ 2025 ਦਾ ਵਿਮੋਚਨ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮਾਂ ਨੂੰ ਵੇਖਣ ਲਈ ਸੰਗਤਾਂ ਵਾਸਤੇ ਪਰਿਕ੍ਰਮਾ ਵਿੱਚ ਵੱਡੀਆਂ ਟੀ.ਵੀ. ਸਕਰੀਨਾਂ ਲਾਈਆਂ ਗਈਆਂ ਸਨ।

ਇਸ ਮੌਕੇ ਡਾ.ਵਿਜੇ ਸਤਬੀਰ ਸਿੰਘ ਪ੍ਰਸ਼ਾਸਕ ਵੱਲੋਂ ਰਾਜਦਵਿੰਦਰ ਸਿੰਘ ਸੁਪਰਡੈਂਟ ਨੇ ਗੁਰਦੁਆਰਾ ਬੋਰਡ ਵੱਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਦੱਸਿਆਂ ਕਿ ਸੇਵਾਦਾਰ ਹੋਣ ਦੇ ਨਾਤੇ ਅਸੀਂ ਪੂਰੀ ਨਿਸ਼ਠਾ ਤੇ ਸੱਚੇ ਮਨ ਨਾਲ ਸੰਗਤ ਦੀ ਸੇਵਾ ਵਿੱਚ ਲੱਗੇ ਹੋਏ ਹਾਂ। ਜਿਸ ਤਰ੍ਹਾਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਆਦਮਪੁਰ, ਗਾਜ਼ੀਆਬਾਦ, ਅਹਿਮਦਾਬਾਦ, ਬੰਗਲੌਰ, ਪੂਨਾ ਆਦਿ ਲਈ ਹਵਾਈ ਸੇਵਾਵਾਂ ਸ਼ੁਰੂ ਹੋਈਆਂ ਹਨ, ਉਸੇ ਤਰ੍ਹਾਂ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ, ਚੰਡੀਗੜ੍ਹ, ਦਿੱਲੀ, ਮੁੰਬਈ ਆਦਿ ਲਈ ਹਵਾਈ ਸੇਵਾਵਾਂ ਸ਼ੁਰੂ ਕਰਵਾਉਣ ਲਈ ਕੇਂਦਰ ਸਰਕਾਰ ਨਾਲ ਸੰਪਰਕ ਵਿੱਚ ਹਾਂ।

ਉਨ੍ਹਾਂ ਦੱਸਿਆ ਕਿ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਯਾਤਰੀ ਨਿਵਾਸ ਦੀ ਉਸਾਰੀ ਦਾ ਕਾਰਜ ਸੰਤ ਬਾਬਾ ਨਰਿੰਦਰ ਸਿੰਘ ਜੀ, ਸੰਤ ਬਾਬਾ ਬਲਵਿੰਦਰ ਸਿੰਘ ਜੀ ਕਾਰ ਸੇਵਾ ਵਾਲੇ ਮਹਾਪੁਰਖਾਂ ਦੇ ਸਪੁਰਦ ਕੀਤਾ ਗਿਆ ਹੈ ਜੋ ਜਲਦ ਹੀ ਤਿਆਰ ਹੋ ਕੇ ਸੰਗਤ ਅਰਪਨ ਹੋ ਜਾਵੇਗੀ।

ਡਾ.ਵਿਜੇ ਸਤਬੀਰ ਸਿੰਘ ਜੀ ਨੇ ਦੱਸਿਆਂ ਕਿ ਯਾਤਰੂਆਂ ਨੂੰ ਐਮਰਜੰਸੀ ਮੈਡੀਕਲ ਸਹੂਲਤਾਂ ਪ੍ਰਦਾਨ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਾਰਟ ਦੇ ਮਰੀਜਾਂ ਲਈ ਫਸਟ ਏਡ ਮਸ਼ੀਨਾਂ ਲਗਾਉਣ ਦਾ ਯਤਨ ਕੀਤਾ ਰਿਹਾ ਹੈ। ਯਾਤਰੂਆਂ ਨੂੰ ਸਿਹਤ ਦੀ ਕੋਈ ਪ੍ਰੇਸ਼ਾਨੀ ਨਾ ਆਵੇ, ਇਸ ਲਈ ਐਬੂਲੈਂਸ ਗੱਡੀ ਹਰ ਵੇਲੇ ਤਿਆਰ ਰਹਿੰਦੀ ਹੈ। ਉਨ੍ਹਾਂ ਦੱਸਿਆ ਹੈ ਕਿ ਸ਼ਿਕਲੀਗਰ ਸਮਾਜ ਦਾ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਕੁਰਬਾਨੀਆਂ ਭਰਿਆਂ ਇਤਿਹਾਸ ਹੈ। ਇਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਅਤੇ ਕਲਾ ਦੇ ਖ਼ੇਤਰ ਵਿੱਚ ਅਗਾਂਹ ਵਧਣ ਤੇ ਆਰਥਿਕ ਪੱਖੋਂ ਉਚਾਈਆਂ ਤੇ ਪਹੁੰਚਾਉਣ ਲਈ ਗੁਰਦੁਆਰਾ ਬੋਰਡ ਅਧੀਨ ਚਲ ਰਹੇ ਵਿਦਿਅਕ ਅਦਾਰਿਆਂ ਵਿੱਚ ਪੜ੍ਹਾਈ ਕਰ ਰਹੇ ਬੱਚਿਆਂ ਨੂੰ ਫਰੀ ਐਜੂਕੇਸ਼ਨ ਮੁਹੱਈਆਂ ਕਰਵਾਈ ਜਾਵੇਗੀ ਤੇ ਕਿਤਾਬਾਂ, ਕਾਪੀਆਂ, ਪੈਨ ਅਤੇ ਯੂਨੀਫਾਰਮ ਆਦਿ ਦਾ ਸਾਰਾ ਖ਼ਰਚਾ ਗੁਰਦੁਆਰਾ ਬੋਰਡ ਵੱਲੋਂ ਕੀਤਾ ਜਾਵੇਗਾ।

## ਚੇਅਰਮੈਨ ਬਲਬੀਰ ਸਿੰਘ ਪਨੂੰ ਨੇ ਸ਼ਹਿਰ ਵਾਸੀਆਂ ਦੀ ਮੰਗ ਕੀਤੀ ਪੂਰੀ ਫਤਿਹਗੜ੍ਹ ਚੂੜੀਆਂ ਤੋਂ ਬਟਾਲਾ ਰੋਡ ਪੈਟਰੋਲ ਪੰਪ ਦੇ ਨੇੜੇ ਬਣੇ ਡਵਾਈਡਰ ਨੂੰ ਸੜਕ ਵਿੱਚੋਂ ਹਟਾ ਕੇ ਸਹੀ ਕਰਵਾਇਆ

ਫਤਿਹਗੜ੍ਹ ਚੂੜੀਆਂ/ਬਟਾਲਾ,, 2 ਜਨਵਰੀ (ਬਲਦੇਵ ਸਿੰਘ ਖਾਲਸਾ/ ਸੁਨੀਲ ਕੁਮਾਰ ਬਟਾਲਵੀ) ਬਲਬੀਰ ਸਿੰਘ ਪਨੂੰ, ਚੇਅਰਮੈਨ ਪਨਸਪ ਪੰਜਾਬ ਵਲੋਂ ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ



ਹਨ ਅਤੇ ਲੋਕਾਂ ਨੂੰ ਮਿਲਕੇ ਹਲਕੇ ਦੇ ਵਿਕਾਸ ਲਈ ਉਪਰਾਲੇ ਕੀਤੇ ਜਾ ਰਹੇ ਹਨ। ਚੇਅਰਮੈਨ ਬਲਬੀਰ ਸਿੰਘ ਪਨੂੰ ਵਲੋਂ ਸ਼ਹਿਰ ਫਤਿਹਗੜ੍ਹ ਚੂੜੀਆਂ ਵਾਸੀਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਫਤਿਹਗੜ੍ਹ ਚੂੜੀਆਂ ਤੋਂ ਬਟਾਲਾ ਰੋਡ ਪੈਟਰੋਲ ਪੰਪ ਦੇ ਨੇੜੇ ਬਣੇ ਡਵਾਈਡਰ ਜੋ ਐਕਸੀਡੈਂਟਾਂ ਦਾ ਕਾਰਨ ਬਣਦੇ ਸਨ। ਇਸ ਨੂੰ ਸੜਕ ਵਿੱਚੋਂ ਹਟਾ ਕੇ ਸਹੀ ਕੀਤਾ ਜਾ ਰਿਹਾ ਹੈ ਤਾਂ ਜੋ ਕੀ ਆਉਣ ਵਾਲੇ ਵਾਹਨਾਂ ਨੂੰ ਦੁਰਘਟਨਾ ਗ੍ਰਸਤ ਹੋਣ ਤੋਂ ਬਚਾਇਆ ਜਾ ਸਕੇ।

ਇਸ ਮੌਕੇ ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਰਘਬੀਰ ਸਿੰਘ ਅਠਵਾਲ, ਮਲਜਿੰਦਰ ਸਿੰਘ ਪੁਰੀਆ, ਨਵੀਸ਼ ਨੰਦਾ ਫਤਿਹਗੜ੍ਹ ਚੂੜੀਆਂ, ਸੁਖਦੇਵ ਸਿੰਘ, ਰਿੰਕੂ ਘਸੀਟਪੁਰਾ, ਕਰਨ ਬਾਠ, ਹਰਪ੍ਰੀਤ ਸਿੰਘ ਖਜਾਨਾਕੋਟ, ਗੁਰ ਪ੍ਰਤਾਪ ਸਿੰਘ ਪੱਤੀ ਬਾਠ, ਗੁਰਦੇਵ ਸਿੰਘ ਔਜਲਾ, ਕੁਲਬੀਰ ਸਿੰਘ ਅਲੀਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਕਰਮਜੀਤ ਸਿੰਘ ਬਰਾੜ ਤੇ ਜਗਜੀਤ ਸਿੰਘ ਆਜ਼ਮਪੁਰ ਹਾਜ਼ਰ ਸਨ।

## ਡਿਜੀਟਲ ਕ੍ਰਾਂਤੀ ਅਤੇ ਵਿਕਾਸ

ਡਿਜੀਟਲ ਕ੍ਰਾਂਤੀ, ਡਿਜੀਟਲ ਤਕਨਾਲੋਜੀ ਦੀ ਤੇਜ਼ੀ ਨਾਲ ਤਰੱਕੀ ਅਤੇ ਇੰਟਰਨੈਟ ਦੀ ਵਿਆਪਕ ਗੋਦ ਦੁਆਰਾ ਦਰਸਾਈ ਗਈ, ਨੇ ਬੁਨਿਆਦੀ ਤੌਰ 'ਤੇ ਮਨੁੱਖੀ ਸਮਾਜ ਨੂੰ ਮੁੜ ਆਕਾਰ ਦਿੱਤਾ ਹੈ। ਇਸ ਨੇ ਵਿਸ਼ਵ ਭਰ ਦੀਆਂ ਅਰਥਵਿਵਸਥਾਵਾਂ, ਰਾਜਨੀਤਿਕ ਲੈਂਡਸਕੇਪਾਂ ਅਤੇ ਸਭਿਆਚਾਰਾਂ ਨੂੰ ਬਦਲ ਦਿੱਤਾ ਹੈ, ਜਿਸ ਨਾਲ ਵਿਕਾਸ ਦੇ ਬੇਮਿਸਾਲ ਮੌਕੇ ਪੈਦਾ ਹੋਏ ਹਨ। ਜਿਵੇਂ ਕਿ ਅਸੀਂ ਇਸ ਨਵੇਂ ਡਿਜੀਟਲ ਯੁੱਗ ਨੂੰ ਨੈਵੀਗੇਟ ਕਰਦੇ ਹਾਂ, ਇਹ ਜਾਂਚ ਕਰਨਾ ਜ਼ਰੂਰੀ ਹੈ ਕਿ ਇਹ ਤਰੱਕੀ ਸਮਾਜ ਨੂੰ ਕਿਵੇਂ ਪ੍ਰਭਾਵਤ ਕਰਦੀ ਹੈ, ਖਾਸ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਵਿੱਚ, ਅਤੇ ਉਹਨਾਂ ਨੂੰ ਵਿਆਪਕ ਵਿਕਾਸ ਟੀਚਿਆਂ ਲਈ ਕਿਵੇਂ ਵਰਤਿਆ ਜਾ ਸਕਦਾ ਹੈ।

ਡਿਜੀਟਲ ਕ੍ਰਾਂਤੀ ਨੂੰ ਸਮਝਣਾ

20ਵੀਂ ਸਦੀ ਦੇ ਅੰਤ ਵਿੱਚ ਕੰਪਿਊਟਰ ਅਤੇ ਇੰਟਰਨੈੱਟ ਦੇ ਆਉਣ ਨਾਲ ਡਿਜੀਟਲ ਕ੍ਰਾਂਤੀ ਸ਼ੁਰੂ ਹੋਈ। ਇਸ ਮਿਆਦ ਨੇ ਐਨਾਲਾਗ ਟੈਕਨਾਲੋਜੀ ਤੋਂ ਡਿਜੀਟਲ ਟੈਕਨਾਲੋਜੀ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਦੀ ਨਿਸ਼ਾਨਦੇਹੀ ਕੀਤੀ, ਜਿਸਦੇ ਨਤੀਜੇ ਵਜੋਂ ਇੱਕ ਵਿਸ਼ਾਲ ਪੈਮਾਨੇ 'ਤੇ ਜਾਣਕਾਰੀ ਦੀ ਰਚਨਾ ਅਤੇ ਵੰਡ ਹੋਈ। ਇਸ ਕ੍ਰਾਂਤੀ ਦੇ ਲਾਭਾਂ ਵਿੱਚ ਵਧੀ ਹੋਈ ਕਨੈਕਟੀਵਿਟੀ, ਵੱਡੀ ਮਾਤਰਾ ਵਿੱਚ ਡੇਟਾ ਉਤਪਾਦਨ, ਅਤੇ ਗੁੰਝਲਦਾਰ ਸਮੱਸਿਆਵਾਂ ਦੇ ਨਵੀਨਤਾਕਾਰੀ ਹੱਲ ਸ਼ਾਮਲ ਹਨ।

ਡਿਜੀਟਲ ਕ੍ਰਾਂਤੀ ਦੇ ਮੁੱਖ ਭਾਗਾਂ ਵਿੱਚ ਸ਼ਾਮਲ ਹਨ:

1. **ਇੰਟਰਨੈੱਟ**: ਦੁਨੀਆ ਦੀ ਅੱਧੀ ਤੋਂ ਵੱਧ ਆਬਾਦੀ ਆਨਲਾਈਨ ਹੋਣ ਦੇ ਨਾਲ, ਇੰਟਰਨੈੱਟ ਜਾਣਕਾਰੀ, ਸੰਚਾਰ ਅਤੇ ਵਪਾਰ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਵਜੋਂ ਕੰਮ ਕਰਦਾ ਹੈ।

2. **ਮੋਬਾਈਲ ਟੈਕਨਾਲੋਜੀ**: ਸਮਾਰਟਫ਼ੋਨਾਂ ਦੇ ਪ੍ਰਸਾਰ ਨੇ ਇੰਟਰਨੈੱਟ ਪਹੁੰਚ ਨੂੰ ਵਧੇਰੇ ਸਰਵ ਵਿਆਪਕ ਬਣਾ ਦਿੱਤਾ ਹੈ, ਖਾਸ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਜਿੱਥੇ ਰਵਾਇਤੀ ਬੁਨਿਆਦੀ ਢਾਂਚੇ ਦੀ ਘਾਟ ਹੋ ਸਕਦੀ ਹੈ।

3. **ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਬਿਗ ਡੇਟਾ**: ਇਹ ਤਕਨਾਲੋਜੀਆਂ ਹੋਰ ਕੁਸ਼ਲ ਪ੍ਰਕਿਰਿਆਵਾਂ, ਉੱਨਤ ਵਿਸ਼ਲੇਸ਼ਣ ਅਤੇ ਵਿਅਕਤੀਗਤ ਸੇਵਾਵਾਂ ਨੂੰ ਸਮਰੱਥ ਬਣਾ ਕੇ ਉਦਯੋਗਾਂ ਨੂੰ ਬਦਲ ਰਹੀਆਂ ਹਨ।

ਵਿਕਾਸ 'ਤੇ ਪ੍ਰਭਾਵ ਆਰਥਿਕ ਵਿਕਾਸ

ਡਿਜੀਟਲ ਕ੍ਰਾਂਤੀ ਵਿੱਚ ਆਰਥਿਕ ਵਿਕਾਸ ਨੂੰ ਵੱਖ-ਵੱਖ ਤਰੀਕਿਆਂ ਨਾਲ ਚਲਾਉਣ ਦੀ ਸਮਰੱਥਾ ਹੈ:

- **ਈ-ਕਾਮਰਸ**: ਔਨਲਾਈਨ ਮਾਰਕੀਟਪਲੇਸ ਕਾਰੋਬਾਰਾਂ, ਖਾਸ ਤੌਰ 'ਤੇ ਛੋਟੇ ਅਤੇ ਮੱਧਮ ਆਕਾਰ ਦੇ ਉਦਯੋਗਾਂ, ਨੂੰ ਵਿਸ਼ਵਵਿਆਪੀ ਦਰਸ਼ਕਾਂ ਤੱਕ ਪਹੁੰਚਣ, ਵਿਕਰੀ ਵਧਾਉਣ ਅਤੇ ਨੌਕਰੀਆਂ ਪੈਦਾ ਕਰਨ ਦੇ ਯੋਗ ਬਣਾਉਂਦੇ ਹਨ।
- **ਡਿਜੀਟਲ ਵਿੱਤੀ ਸੇਵਾਵਾਂ**: ਮੋਬਾਈਲ ਬੈਂਕਿੰਗ ਅਤੇ ਫਿਨਟੇਕ ਹੱਲ ਬੈਂਕਾਂ ਤੋਂ ਰਹਿਤ ਆਬਾਦੀ ਲਈ ਵਿੱਤੀ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਦੇ ਹਨ, ਬੱਚਤ, ਕ੍ਰੈਡਿਟ ਅਤੇ ਨਿਵੇਸ਼ ਦੀ ਸਹੂਲਤ ਦਿੰਦੇ ਹਨ।
- **ਇਨੋਵੇਸ਼ਨ ਅਤੇ ਸਟਾਰਟਅੱਪ**: ਡਿਜੀਟਲ ਟੈਕਨਾਲੋਜੀ ਦਾ ਉਭਾਰ ਨਵੀਨਤਾ ਲਈ ਤਿਆਰ ਵਾਤਾਵਰਣ ਨੂੰ ਉਤਸ਼ਾਹਿਤ ਕਰਦਾ ਹੈ, ਜਿਸ ਨਾਲ ਉੱਦਮੀਆਂ ਨੂੰ ਸਥਾਨਕ ਚੁਣੌਤੀਆਂ ਦੇ ਅਨੁਕੂਲ ਹੱਲ ਵਿਕਸਿਤ ਕਰਨ ਦੇ ਯੋਗ ਬਣਾਇਆ ਜਾਂਦਾ ਹੈ।

ਸਿੱਖਿਆ ਅਤੇ ਹੁਨਰ ਵਿਕਾਸ

ਡਿਜੀਟਲ ਟੈਕਨਾਲੋਜੀ ਨੇ ਸਿੱਖਿਆ ਨੂੰ ਵਧੇਰੇ ਪਹੁੰਚਯੋਗ ਅਤੇ ਆਕਰਸ਼ਕ ਬਣਾ ਕੇ ਮੁੜ ਪਰਿਭਾਸ਼ਿਤ ਕੀਤਾ ਹੈ:

- **ਈ-ਲਰਨਿੰਗ ਪਲੇਟਫਾਰਮ**: ਔਨਲਾਈਨ ਕੋਰਸ ਅਤੇ ਸਰੋਤ ਉਹਨਾਂ ਵਿਅਕਤੀਆਂ ਨੂੰ ਵਿਦਿਅਕ ਮੌਕੇ ਪ੍ਰਦਾਨ ਕਰਦੇ ਹਨ ਜਿਨ੍ਹਾਂ ਦੀ ਰਵਾਇਤੀ ਸੰਸਥਾਵਾਂ ਤੱਕ ਪਹੁੰਚ ਨਹੀਂ ਹੋ ਸਕਦੀ।
- **ਹੁਨਰ ਵਿਕਾਸ**: ਡਿਜੀਟਲ ਟੂਲ ਆਧੁਨਿਕ ਕਰਮਚਾਰੀਆਂ ਲਈ ਲੋੜੀਂਦੇ ਸੰਬੰਧਿਤ ਹੁਨਰਾਂ ਨੂੰ ਸਿਖਾਉਣ ਦੀ ਸਹੂਲਤ ਦਿੰਦੇ ਹਨ, ਜਿਵੇਂ ਕਿ ਕੋਡਿੰਗ, ਡੇਟਾ ਵਿਸ਼ਲੇਸ਼ਣ, ਅਤੇ ਡਿਜੀਟਲ ਮਾਰਕੀਟਿੰਗ।

ਪ੍ਰਸ਼ਾਸਨ ਅਤੇ ਨਾਗਰਿਕ ਸ਼ਮੂਲੀਅਤ

ਡਿਜੀਟਲ ਕ੍ਰਾਂਤੀ ਸ਼ਾਸਨ ਅਤੇ ਨਾਗਰਿਕ ਸ਼ਮੂਲੀਅਤ ਨੂੰ ਵੀ ਪ੍ਰਭਾਵਿਤ ਕਰਦੀ ਹੈ:

- **ਈ-ਸਰਕਾਰ**: ਸਰਕਾਰਾਂ ਸੇਵਾ ਪ੍ਰਦਾਨ ਕਰਨ, ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ, ਅਤੇ ਪਾਰਦਰਸ਼ਤਾ ਵਧਾਉਣ ਲਈ ਤਕਨਾਲੋਜੀ ਦੀ ਵਰਤੋਂ ਕਰ ਸਕਦੀਆਂ ਹਨ।
- **ਸੋਸ਼ਲ ਮੀਡੀਆ ਅਤੇ ਨਾਗਰਿਕ ਭਾਗੀਦਾਰੀ**: ਡਿਜੀਟਲ ਪਲੇਟਫਾਰਮ ਨਾਗਰਿਕਾਂ ਨੂੰ ਰਾਜਨੀਤਿਕ ਪ੍ਰਕਿਰਿਆ ਵਿੱਚ ਸ਼ਾਮਲ ਹੋਣ, ਉਹਨਾਂ ਦੇ ਵਿਚਾਰਾਂ ਨੂੰ ਆਵਾਜ਼ ਦੇਣ, ਅਤੇ ਸਮਾਜਿਕ ਤਬਦੀਲੀ ਲਈ ਲਾਮਬੰਦ ਕਰਨ ਲਈ ਸ਼ਕਤੀ ਪ੍ਰਦਾਨ ਕਰਦੇ ਹਨ।

ਸਿਹਤ ਸੰਭਾਲ

ਡਿਜੀਟਲ ਕ੍ਰਾਂਤੀ ਹੈਲਥਕੇਅਰ ਡਿਲੀਵਰੀ ਅਤੇ ਪਹੁੰਚ ਨੂੰ ਬਦਲ ਰਹੀ ਹੈ:

- **ਟੈਲੀਮੇਡੀਸਨ**: ਵਰਚੁਅਲ ਸਲਾਹ-ਮਸ਼ਵਰੇ ਸਿਹਤ ਸੰਭਾਲ ਪਹੁੰਚ ਵਿੱਚ ਪਾੜੇ ਨੂੰ ਪੂਰਾ ਕਰ ਸਕਦੇ ਹਨ, ਖਾਸ ਕਰਕੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ।
- **ਸਿਹਤ ਸੂਚਨਾ ਪ੍ਰਣਾਲੀਆਂ**: ਡਿਜੀਟਲ ਰਿਕਾਰਡ ਮਰੀਜ਼ ਪ੍ਰਬੰਧਨ, ਰੋਗਾਂ ਦੀ ਨਿਗਰਾਨੀ, ਅਤੇ ਖੋਜ ਸਮਰੱਥਾਵਾਂ ਵਿੱਚ ਸੁਧਾਰ ਕਰਦੇ ਹਨ।

ਚੁਣੌਤੀਆਂ ਅਤੇ ਜੋਖਮ

ਬਹੁਤ ਸਾਰੇ ਲਾਭਾਂ ਦੇ ਬਾਵਜੂਦ, ਡਿਜੀਟਲ ਕ੍ਰਾਂਤੀ ਚੁਣੌਤੀਆਂ ਵੀ ਪੇਸ਼ ਕਰਦੀ ਹੈ:

- **ਡਿਜੀਟਲ ਡਿਵਾਈਡ**: ਸ਼ਹਿਰੀ ਅਤੇ ਪੇਂਡੂ ਖੇਤਰਾਂ ਦੇ ਨਾਲ-ਨਾਲ ਵੱਖ-ਵੱਖ ਸਮਾਜਿਕ-ਆਰਥਿਕ ਸਮੂਹਾਂ ਵਿਚਕਾਰ ਮਹੱਤਵਪੂਰਨ ਅਸਮਾਨਤਾਵਾਂ ਦੇ ਨਾਲ, ਤਕਨਾਲੋਜੀ ਤੱਕ ਪਹੁੰਚ ਅਸਮਾਨ ਰਹਿੰਦੀ ਹੈ।
- **ਸਾਈਬਰ ਸੁਰੱਖਿਆ ਦੀਆਂ ਧਮਕੀਆਂ**: ਜਿਵੇਂ-ਜਿਵੇਂ ਹੋਰ ਸੇਵਾਵਾਂ ਔਨਲਾਈਨ ਚਲਦੀਆਂ ਹਨ, ਸਾਈਬਰ ਹਮਲਿਆਂ ਦੀਆਂ ਕਮਜ਼ੋਰੀਆਂ ਵਧੇਰੇ ਸਪੱਸ਼ਟ ਹੋ ਜਾਂਦੀਆਂ ਹਨ, ਨਿੱਜੀ ਡੇਟਾ ਅਤੇ ਰਾਸ਼ਟਰੀ ਸੁਰੱਖਿਆ ਲਈ ਖਤਰੇ ਪੈਦਾ ਕਰਦੀਆਂ ਹਨ।
- **ਨੌਕਰੀ ਵਿਸਥਾਪਨ**: ਆਟੋਮੇਸ਼ਨ ਅਤੇ AI ਕੁਝ ਉਦਯੋਗਾਂ ਵਿੱਚ ਨੌਕਰੀਆਂ ਦੇ ਨੁਕਸਾਨ ਦਾ ਕਾਰਨ ਬਣ ਸਕਦੇ ਹਨ, ਵਿਕਾਸਸ਼ੀਲ ਨੌਕਰੀ ਬਾਜ਼ਾਰ ਲਈ ਕਾਮਿਆਂ ਨੂੰ ਤਿਆਰ ਕਰਨ ਲਈ ਵੱਡੇ ਪੱਧਰ 'ਤੇ ਮੁੜ ਸਿਖਲਾਈ ਦੇ ਯਤਨਾਂ ਦੀ ਲੋੜ ਹੁੰਦੀ ਹੈ।

ਸਿੱਟਾ

ਡਿਜੀਟਲ ਕ੍ਰਾਂਤੀ ਡੂੰਘੇ ਤਰੀਕਿਆਂ ਨਾਲ ਵਿਕਾਸ ਨੂੰ ਮੁੜ ਆਕਾਰ ਦੇ ਰਹੀ ਹੈ। ਹਾਲਾਂਕਿ ਇਹ ਆਰਥਿਕ ਵਿਕਾਸ, ਸਿੱਖਿਆ, ਸਿਹਤ ਸੰਭਾਲ ਅਤੇ ਸ਼ਾਸਨ ਲਈ ਮਹੱਤਵਪੂਰਨ ਮੌਕੇ ਪ੍ਰਦਾਨ ਕਰਦਾ ਹੈ, ਇਹ ਚੁਣੌਤੀਆਂ ਦੇ ਨਾਲ ਹੈ ਜਿਨ੍ਹਾਂ ਨੂੰ ਸਮਾਵੇਸ਼ੀ ਨੀਤੀਆਂ ਅਤੇ ਸਹਿਯੋਗੀ ਯਤਨਾਂ ਰਾਹੀਂ ਹੱਲ ਕਰਨ ਦੀ ਲੋੜ ਹੈ। ਵਿਕਾਸਸ਼ੀਲ ਦੇਸ਼ਾਂ ਲਈ, ਡਿਜੀਟਲ ਟੈਕਨਾਲੋਜੀ ਦਾ ਲਾਭ ਉਠਾਉਣਾ ਤੇਜ਼ ਵਿਕਾਸ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਦਾ ਵਾਅਦਾ ਕਰਦਾ ਹੈ। ਹਾਲਾਂਕਿ, ਇਸ ਸੰਭਾਵਨਾ ਨੂੰ ਪ੍ਰਾਪਤ ਕਰਨ ਲਈ ਡਿਜੀਟਲ ਵੰਡ ਨੂੰ ਪੂਰਾ ਕਰਨ, ਸਾਈਬਰ ਸੁਰੱਖਿਆ ਨੂੰ ਯਕੀਨੀ ਬਣਾਉਣ, ਅਤੇ ਭਵਿੱਖ ਦੀਆਂ ਨੌਕਰੀਆਂ ਲਈ ਕਰਮਚਾਰੀਆਂ ਨੂੰ ਤਿਆਰ ਕਰਨ ਲਈ ਇੱਕ ਠੋਸ ਯਤਨ ਦੀ ਲੋੜ ਹੈ।

ਇਸ ਤੇਜ਼ੀ ਨਾਲ ਵਿਕਸਤ ਹੋ ਰਹੇ ਲੈਂਡਸਕੇਪ ਵਿੱਚ, ਸਰਕਾਰਾਂ, ਨਿੱਜੀ ਖੇਤਰ ਦੇ ਖਿਡਾਰੀਆਂ ਅਤੇ ਸਿਵਲ ਸੁਸਾਇਟੀ ਸਮੇਤ ਹਿੱਸੇਦਾਰਾਂ ਲਈ, ਇੱਕ ਸਮਾਵੇਸ਼ੀ ਡਿਜੀਟਲ ਈਕੋਸਿਸਟਮ ਬਣਾਉਣ ਲਈ ਮਿਲ ਕੇ ਕੰਮ ਕਰਨਾ ਮਹੱਤਵਪੂਰਨ ਹੈ ਜੋ ਸਮਾਜ ਦੇ ਸਾਰੇ ਮੈਂਬਰਾਂ ਨੂੰ ਲਾਭ ਪਹੁੰਚਾਉਂਦਾ ਹੈ। ਡਿਜੀਟਲ ਕ੍ਰਾਂਤੀ ਇੱਕ ਸ਼ਕਤੀਸ਼ਾਲੀ ਉਤਪ੍ਰੇਰਕ ਹੋ ਸਕਦੀ ਹੈ

## ਰਾਣਾ ਕਾਲਾ ਤੋਂ ਗਹਿਰੀ ਮੰਡੀ ਸੜਕ ਤੇ ਪੈਂਦੇ ਨਹਿਰ ਦੇ ਢਾਏ ਪੁੱਲ ਦਾ ਕੰਮ ਬੰਦ ਤੇ ਲੋਕ ਹੋਏ ਪਰੇਸ਼ਾਨ

ਤਰਲੋਚਨ ਸਿੰਘ ਰਈਆ 2/1/2025/ਜਨਵਰੀ - ਬਲਵਿੰਦਰ ਸਿੰਘ ਸੰਧੂ - ਪਿੰਡ ਰਾਣਾ ਕਲਾ ਤੋਂ ਗਹਿਰੀ ਮੰਡੀ ਜੰਡਿਆਲਾ ਗੁਰੂ ਰੇਲਵੇ ਸਟੇਸ਼ਨ ਨੂੰ ਜਾਣ ਵਾਲੀ ਸੜਕ ਦੇ ਨਹਿਰ ਵਾਲੇ ਪੁੱਲ ਨੂੰ ਇੱਕ ਮਹੀਨੇ ਤੋਂ ਪਹਿਲਾਂ ਢਾਹ ਦਿੱਤਾ ਗਿਆ ਸੀ।ਪਰ ਮਹਿਕਮੇ ਦੇ ਅਧਿਕਾਰੀਆਂ ਵੱਲੋਂ ਲੋਕਾਂ ਦੀ ਆਵਾਜਾਈ ਲਈ ਕੋਈ ਆਰਜੀ ਰਸਤਾ ਤਿਆਰ ਨਾ ਕਰਨ ਕਰਕੇ ਕਈ ਪਿੰਡਾਂ ਦੇ ਲੋਕਾਂ ਨੂੰ ਵਲ੍ਹ ਪਾ ਕੇ ਜਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ| ਕਿਉਂਕਿ ਪੁਲ ਨੂੰ ਪਾਣੀ ਬੰਦੀ ਦੀ ਮਨਜ਼ੂਰੀ ਲਏ ਬਿਨਾ ਮਹਿਕਮੇ ਦੇ ਅਧਿਕਾਰੀਆਂ ਅਤੇ ਠੇਕੇਦਾਰਾਂ ਵੱਲੋਂ ਢਾਹ ਤਾਂ ਦਿੱਤਾ ਗਿਆ। ਪਰ ਨਹਿਰ ਚ ਪਾਣੀ ਆਉਣ ਕਰਕੇ ਇਸ ਰਸਤੇ ਪੁਲ ਉੱਪਰ ਦੀ ਰੋਜ਼ਾਨਾ ਗੁਜਰਨ ਵਾਲੇ ਰਾਹਗੀਰਾਂ ਵਿਦਿਆਰਥੀਆਂ ਵੱਖ-ਵੱਖ ਵਿਭਾਗਾਂ ਚ ਨੌਕਰੀ ਪੇਸ਼ਾ ਤੇ ਹੋਰ ਲੰਘਣ ਵਾਲੇ ਲੋਕਾਂ ਨੂੰ ਢਾਹੇ ਪੁਲ ਕਰਕੇ ਪਿੰਡ ਰਾਣਾ ਕਾਲਾ, ਜਬੋਵਾਲ,ਨਰਾਇਣਗੜ੍ਹ ਤੋਂ ਗਹਿਰੀ ਮੰਡੀ ਵਿਚਾਲੇ ਸੰਪਰਕ ਹੀ ਟੁੱਟਣ ਕਾਰਨ ਨਹਿਰ ਦੇ ਦੋਵੇਂ ਪਾਸਿਆਂ ਦੇ ਕਈ ਪਿੰਡਾਂ ਦੇ ਲੋਕਾਂ ਨੂੰ ਇੱਕ ਦੂਸਰੇ ਪਾਸੇ ਜਾਣ ਲਈ ਜਿਹੜਾ ਰਸਤਾ ਪਹਿਲਾਂ 6 ਕਿਲੋਮੀਟਰ ਦਾ ਫਾਸਲਾ ਸੀ ਉਹ ਹੁਣ ਕਰੀਬ 26 ਕਿਲੋਮੀਟਰ ਦਾ ਹੋ ਗਿਆ ਹੈ| ਇਕ ਮਹੀਨਾ ਬੀਤ ਜਾਣ ਤੋਂ ਬਾਅਦ ਵੀ ਆਲਮ ਇਹ ਹੈ ।ਕਿ ਪੁਲ ਬਣਾਉਣ ਵਾਲੇ ਠੇਕੇਦਾਰ ਅਧਿਕਾਰੀ ਮਜ਼ਦੂਰ ਪਤਾ ਨੀ ਕਿੱਥੇ ਚਲੇ ਗਏ ਹਨ ।ਵੱਖ ਵੱਖ ਪਿੰਡਾਂ ਦੇ ਲੋਕਾਂ ਨੇਂ ਚਰਚਾ ਕਰਦਿਆਂ ਦੱਸਿਆ,ਕਿ ਠੇਕੇਦਾਰ ਤਾਂ ਆਪਣੀ ਮਸ਼ੀਨਰੀ ਸਾਜੋ ਸਮਾਨ ਵੀ ਚੁੱਕ ਕੇ ਲੈ ਗਏ ਹਨ, ਕਿਉਕਿ ਅਧਿਕਾਰੀਆਂ ਦੁਆਰਾ ਬਣਦੇ ਪ੍ਰਬੰਧ ਮੁਕੰਮਲ ਨਹੀਂ ਕੀਤੇ ਗਏ ਸਨ। ਜਦੋ ਇਸ ਪੁੱਲ ਨੂੰ ਢਾਉਣਾ ਸ਼ੁਰੂ ਕੀਤਾ ਸੀ ਤਾਂ ਉਸ ਸਮੇਂ ਨਹਿਰ ਸੁੱਕੀ ਪਈ ਸੀ ।ਜਦੋਂ ਪੁਲ ਪੂਰੀ ਤਰ੍ਹਾਂ ਢਾਹ ਦਿੱਤਾ ਗਿਆ। ਉਦੋਂ ਰਾਤੋ ਰਾਤ ਨਹਿਰ ਵਿੱਚ ਪਾਣੀ ਆ ਗਿਆ ,ਜੋ ਕਿ ਇੱਕ ਮਹੀਨੇ ਤੋਂ ਲਗਾਤਾਰ ਵੱਗ ਰਿਹਾ ਹੈ| ਤਾਲਮੇਲ ਦੀ ਕਮੀ ਰੜਕਦੀ ਨਜ਼ਰ ਆਈ, ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਦੁਆਰਾ ਨਹਿਰੀ ਵਿਭਾਗ ਦੇ ਅਧਿਕਾਰੀਆਂ ਨੂੰ ਸੂਚਿਤ ਹੀ ਨਹੀਂ ਕੀਤਾ ਗਿਆ



।ਜੇਕਰ ਸੂਚਿਤ ਕੀਤਾ ਜਾਂਦਾ ਤਾਂ ਨਹਿਰ ਵਿੱਚ ਪਾਣੀ ਨਾ ਛੱਡ ਦੇ ਲੋਕਾਂ ਦੇ ਗਲ ਆਉਣ ਜਾਣ ਦਾ ਵੱਡਾ ਪੰਗਾ ਨਾ ਪੈਂਦਾ| ਹੁਣ ਆਲਮ ਇਹ ਹੈ ਕਿ ਢਾਏ ਗਏ ਪੁਲ ਦਾ ਮਲਬਾ ਨਹਿਰ ਵਿੱਚ ਪਿਆ ਹੈ ਤੇ ਢਾਏ ਗਏ ਪੁਲ ਦੇ ਆਲੇ ਦੁਆਲੇ ਆਉਣ ਜਾਣ ਲਈ ਕੋਈ ਵੀ ਪੁਖਤਾ ਪ੍ਰਬੰਧ ਨਹੀਂ ਕੀਤਾ ਗਿਆ। ਜਿਸ ਕਰਕੇ ਲੋਕਾਂ ਨੂੰ ਇਹ ਲਾਂਘਾ ਬੰਦ ਹੋਣ ਕਰਕੇ ਵਾਇਆ ਜੰਡਿਆਲਾ ਗੁਰੂ ਜਾਂ ਮਾਲੋਵਾਲ ਵਾਲੇ ਪੁਲਾਂ ਉੱਪਰ ਦੀ ਲੰਘ ਕੇ ਇਧਰ ਉਧਰ ਕੰਮਾਂ ਕਾਰਾਂ ਨੂੰ ਆਉਣਾ ਜਾਣਾ ਪੈ ਰਿਹਾ ਹੈ| ਇਸ ਸਬੰਧੀ ਜਾਣਕਾਰੀ ਲੈਣ ਲਈ ਵਿਭਾਗਾਂ ਦੇ ਅਫਸਰਾਂ ਨਾਲ ਗੱਲ ਕੀਤੀ ਗਈ ਤਾਂ ਦੋਵਾਂ ਵਿਭਾਗਾਂ ਦੇ ਉੱਚ ਅਧਿਕਾਰੀਆਂ ਵਿੱਚੋ ਕੁਸਲਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਇੱਕ ਹਫ਼ਤੇ ਤੱਕ ਪਾਣੀ ਬੰਦੀ ਹੋਣ ਤੇ ਬਾਦ ਕੰਮ ਚੱਲੇਗਾ ,ਇਸ ਸਬੰਧੀ ਇਕੱਠੇ ਹੋਏ ਪਿੰਡਾਂ ਦੇ ਲੋਕਾਂ ਨੇ ਕਿਹਾ ਕਿ ਅਜੇ ਤੱਕ ਸਾਨੂੰ ਇਹ ਸਪਸ਼ਟ ਪਤਾ ਨਹੀਂ ਲੱਗ ਰਿਹਾ ਕਿ ਇਸ ਢਾਏ ਪੁੱਲ ਦਾ ਨਿਰਮਾਣ ਕਦੋਂ ਸ਼ੁਰੂ ਹੋਵੇਗਾ ਉਨਾਂ ਨੇ ਹਲਕੇ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੂੰ ਅਪੀਲ ਕਰਦਿਆਂ ਕਿਹਾ ,ਕਿ ਉਹ ਤੁਰੰਤ ਇਸ ਵਿਗੜੇ ਹੋਏ ਮਾਮਲੇ ਵੱਲ ਧਿਆਨ ਦੇ ਕੇ ਇਸ ਪੁਲ ਦਾ ਨਿਰਮਾਣ ਜਲਦੀ ਤੋਂ ਜਲਦੀ ਸ਼ੁਰੂ ਕਰਵਾਉਣ ਤੇ ਜਿਸ ਵੀ ਸਰਕਾਰੀ ਅਧਿਕਾਰੀ ਦੀ ਗਲਤੀ ਹੈ ਉਸ ਤੇ ਸਖਤ ਕਾਨੂੰਨੀ ਕਾਰਵਾਈ

## ਸੀ.ਐਚ.ਸੀ ਮਾਨਾਂਵਾਲਾ ਵਿਖੇ ਨਵੇਂ ਸਾਲ ਦੀ ਸ਼ੁਰਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਤੀ ਗਈ

ਰਣਜੀਤ ਸਿੰਘ ਮਸੌਣ/ਜੋਗਾ ਸਿੰਘ ਅੰਮ੍ਰਿਤਸਰ 2 ਜਨਵਰੀ-ਨਵੇਂ ਸਾਲ ਦੀ ਆਮਦ ਦੇ ਚੱਲਦਿਆਂ 2025 ਦੀ ਸ਼ੁਰੂਆਤ ਅਤੇ ਅਗਵਾਈ ਸੀ.ਐਚ.ਸੀ ਮਾਨਾਂਵਾਲਾ ਵਿਖੇ ਹਰ ਸਾਲ ਦੀ ਤਰਾਂ ਕੀਤੇ ਜਾਂਦੇ ਉਪਰਾਲੇ ਸਦਕਾ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਕੀਤੀ ਗਈ। ਜਿੱਥੇ ਇਲਾਕੇ ਦੀਆਂ ਸੰਗਤਾਂ ਨੇ ਪੂਰੇ ਉਤਸਾਹ ਨਾਲ ਪਹੁੰਚ ਕੇ ਦਰਬਾਰ ਵਿੱਚ ਹਾਜ਼ਰੀ ਲਗਾਈ। ਉੱਥੇ ਹੀ ਰਾਗੀ ਜੱਥਿਆਂ ਵੱਲੋਂ ਖੁੱਲ੍ਹੇ ਪੰਡਾਲ ਵਿੱਚ ਜੁੜ ਬੈਠੀਆਂ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਜੋੜਿਆ ਗਿਆ। ਪਿਛਲੇਂ ਸਾਲ ਨੂੰ ਅਲਵਿਦਾ ਕਹਿਣ ਅਤੇ ਨਵੇਂ ਸਾਲ ਨੂੰ ਸਿਜਦਾ ਕਰਨ ਲਈ ਭਾਈ ਸਾਹਿਬ ਜੀ ਵੱਲੋ ਮਰੀਜ਼ਾਂ ਦੇ ਭਲੇ 'ਤੇ ਸੁੱਖ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ ਗਈ ਅਤੇ



ਕੜ੍ਹਾਹ ਪ੍ਰਸ਼ਾਦ ਦੀ ਦੇਗ ਸੰਗਤ ਵਿੱਚ ਵਰਤਾਈ ਗਈ। ਪੂਰਾ ਦਿਨ ਗੁਰੂ ਕੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਸਾਰੇ ਪ੍ਰੋਗਰਾਮ ਦਾ ਪ੍ਰਬੰਧ ਰਾਣਾ ਸਤਪਾਲ ਸਿੰਘ, ਦਰਬਾਰ ਦੀ ਸੇਵਾ ਡਾ. ਪ੍ਰਿਤਪਾਲ ਸਿੰਘ ਤੇ ਪ੍ਰਚਾਰ ਸਕੱਤਰ ਦੀ ਸੇਵਾ ਡਾ. ਬਲਬੀਰ ਸਿੰਘ ਵੱਲੋਂ ਨਿਭਾਈ ਗਈ।

ਇਸ ਮੌਕੇ ਬੜੀ ਸ਼ਰਧਾ ਅਤੇ ਭਾਵਨਾ ਨਾਲ ਨਤਮਸਤਕ ਹੋਣ ਲਈ ਅਮ੍ਰਿਤਸਰ ਜ਼ਿਲੇ ਦੇ ਸਿਵਲ ਸਰਜਨ ਡਾ.ਕਿਰਨਦੀਪ ਕੌਰ ਨੇ ਆਪਣੀ ਪੂਰੀ ਟੀਮ ਨਾਲ ਪਹੁੰਚ ਕੇ ਦਰਬਾਰ ਵਿੱਚ ਹਾਜ਼ਰੀ ਲਗਾਈ। ਇਸ ਮੌਕੇ ਸਿਵਲ ਸਰਜਨ ਦੇ ਨਾਲ ਆਏ ਹੋਏ ਮੈਂਬਰਾਂ ਦਾ ਹਸਪਤਾਲ ਦੇ ਮੁੱਖ ਕਾਰਜ ਕਰਤਾ ਐੱਸ.ਐਮ.ਓ ਡਾ. ਸੁਮੀਤ ਸਿੰਘ ਅਤੇ ਡਾ. ਪ੍ਰਿਤਪਾਲ ਸਿੰਘ ਵੱਲੋਂ ਸਿਰਪਾਓ ਭੇਟ ਕਰਕੇ ਗੁਰੂ ਸਾਹਿਬ ਦੀਆਂ ਤਸਵੀਰਾਂ ਨਾਲ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪਿਛਲੇ ਸਾਲ ਵਿੱਚ ਐਸ.ਐਮ.ਓ ਡਾ. ਸੁਮੀਤ ਸਿੰਘ ਅਤੇ ਸਮੂਹ ਸਟਾਫ਼ ਵੱਲੋਂ ਨਿਭਾਈਆਂ ਗਈਆਂ ਚੰਗੀਆਂ ਕਾਰਗੁਜ਼ਾਰੀਆਂ ਦੇਖਦੇ ਹੋਏ ਸਿਵਲ ਸਰਜਨ ਮੈਡਮ ਕਿਰਨਦੀਪ ਕੌਰ ਵੱਲੋਂ ਵਿਸੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇਂ ਪ੍ਰੋਗਰਾਮ ਵਿੱਚ ਉਚੇਚੇ ਤੌਰ ਤੇ ਪਹੁੰਚੇ ਡਾ.ਭਾਰਤੀ ਧਵਨ, ਰਜਿੰਦਰ ਕੌਰ, ਨੀਲਮ ਕੌਰ, ਮਦਨ ਮੋਹਨ, ਅਮਰਬੀਰ ਸਿੰਘ, ਸੁਖਵਿੰਦਰ ਸਿੰਘ, ਰਾਘਵ, ਨਿਰਮਲ ਸਿੰਘ ਅਤੇ ਸ਼ਰਧਾ ਭਾਵਨਾ ਨਾਲ ਸੇਵਾ ਨਿਭਾਉਣ ਵਾਲੇ ਸੇਵਾਦਾਰ ਪ੍ਰਭਜੀਤ ਸਿੰਘ, ਲਵਜੀਤ ਸਿੰਘ, ਹਰਪਾਲ ਸਿੰਘ ਅਤੇ ਸਮੂਹ ਸਟਾਫ਼ ਨੂੰ ਐਸ.ਐਮ.ਓ ਡਾ. ਸੁਮੀਤ ਸਿੰਘ ਵੱਲੋਂ ਦਿਲੋਂ ਧੰਨਵਾਦ ਕਰਦਿਆ ਸਨਮਾਨਿਤ

## ਨਵ-ਨਿਯੁਕਤ ਕੌਂਸਲਰ ਨੇ ਧਾਰਮਿਕ ਅਸਥਾਨਾਂ ਨੂੰ ਦਾਨ ਕੀਤਾ ਇਲੈਕਸ਼ਨ ਫੰਡ

ਫਗਵਾੜਾ 2 ਜਨਵਰੀ (ਸ਼ਿਵ ਕੌੜਾ) ਪ੍ਰੇਮ ਨਗਰ ਸੇਵਾ ਸੁਸਾਇਟੀ ਦੀ ਇਕ ਮੀਟਿੰਗ ਸਥਾਨਕ ਖੇੜਾ ਰੋਡ ਵਿਖੇ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਸਕੱਤਰ ਸੁਰਿੰਦਰ ਪਾਲ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਨਵ ਨਿਯੁਕਤ ਵਾਰਡ ਕੌਂਸਲਰ ਪਰਵਿੰਦਰ ਕੌਰ ਰਘਬੋਤਰਾ ਵਿਸ਼ੇਸ਼ ਤੌਰ ਤੇ ਹਾਜਰ ਆਏ। ਉਹਨਾਂ ਨੇ ਵਾਰਡ ਦੇ ਸਮੂਹ ਵਸਨੀਕਾਂ ਦਾ ਉਹਨਾਂ ਨੂੰ ਦੁਬਾਰਾ ਤੋਂ ਵਾਰਡ ਕੌਂਸਲਰ ਵਜੋਂ ਸੇਵਾ ਦਾ ਮੌਕਾ ਦੇਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਉਪਰੰਤ ਉਹਨਾਂ ਨੇ ਸੁਸਾਇਟੀ ਅਹੁਦੇਦਾਰਾਂ ਤੇ ਮੈਂਬਰਾ ਦੇ ਨਾਲ ਖੇੜਾ ਰੋਡ ਸਥਿਤ ਗੁਰਦੁਆਰਾ ਸਾਹਿਬ ਅਤੇ ਸ਼ਿਵ ਮੰਦਰ ਪਹੁੰਚ ਕੇ ਨਤਮਸਤਕ ਹੁੰਦਿਆਂ ਪ੍ਰਮਾਤਮਾ ਦਾ ਸ਼ੁਕਰਾਨਾ ਵੀ ਕੀਤਾ। ਉਹਨਾਂ ਮੰਦਿਰ ਅਤੇ ਗੁਰਦੁਆਰਾ ਸਾਹਿਬ ਦੇ ਵਿਕਾਸ ਲਈ ਆਰਥਕ ਭੇਂਟ ਵੀ ਪ੍ਰਬੰਧਕਾਂ ਨੂੰ ਦਿੱਤੀ। ਕੌਂਸਲਰ ਰਘਬੋਤਰਾ ਨੇ ਭਰੋਸਾ ਦਿੱਤਾ ਕਿ ਉਹ ਦੂਸਰੀ ਵਾਰ ਕੌਂਸਲਰ ਬਣਨ ਤੇ ਹੁਣ ਹੋਰ ਵੀ ਤਨਦੇਹੀ ਦੇ ਨਾਲ ਵਾਰਡ ਦੇ ਵਿਕਾਸ ਅਤੇ ਲੋਕ ਸੇਵਾ ਦਾ ਯਤਨ ਕਰਨਗੇ। ਇਸ ਦੌਰਾਨ ਸੁਸਾਇਟੀ ਦੇ ਸਰਪ੍ਰਸਤ ਅਤੇ ਕੌਂਸਲਰ ਪਰਵਿੰਦਰ ਕੌਰ ਦੇ ਪਤੀ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਚੋਣ ਪ੍ਰਚਾਰ ਦੌਰਾਨ ਜੋ ਰਾਸ਼ੀ ਉਹਨਾਂ ਨੂੰ ਸਮਰਥਕਾਂ ਵਲੋਂ ਭੇਂਟ ਕੀਤੀ ਸੀ, ਉਹ ਅੱਜ ਦੋਵੇਂ ਧਾਰਮਿਕ ਅਸਥਾਨਾ ਨੂੰ ਭੇਂਟ ਕੀਤੀ ਗਈ ਹੈ, ਕਿਉਂਕਿ ਵੋਟਰਾਂ ਦੇ ਪਿਆਰ ਸਦਕਾ ਉਹਨਾਂ ਨੂੰ ਚੋਣਾਂ ਵਿਚ ਰਾਸ਼ੀ ਖਰਚ ਕਰਨ ਦੀ ਜਰੂਰਤ ਨਹੀਂ ਹੋਈ।

ਉਹਨਾਂ ਦੱਸਿਆ ਕਿ ਜਲਦੀ ਹੀ ਸੁਸਾਇਟੀ ਵਲੋਂ ਨਵੇਂ ਸਾਲ ਨੂੰ ਸਮਰਪਿਤ ਰਾਸ਼ਨ ਵੰਡ, ਗਰਮ ਜੁਰਾਬਾਂ, ਜਰਸੀਆਂ ਦੀ ਵੰਡ ਸਮੇਤ ਹੋਰ ਪ੍ਰੋਜੈਕਟਾਂ ਨੂੰ ਅਮਲੀ ਰੂਪ ਦਿੱਤਾ ਜਾਵੇਗਾ। ਸੁਸਾਇਟੀ ਵਲੋਂ ਕੌਂਸਲਰ ਪਰਵਿੰਦਰ ਕੌਰ ਰਘਬੋਤਰਾ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਐਡਵੋਕੇਟ ਜੀ.ਆਰ. ਆਜਾਦ, ਮਨੀਸ਼ ਕਨੌਂਜੀਆ, ਵੰਦਨਾ ਸ਼ਰਮਾ, ਰਾਜਕੁਮਾਰ ਕਨੌਂਜੀਆ, ਕ੍ਰਿਸ਼ਨ ਕੁਮਾਰ, ਵਿਸ਼ਵਾਮਿੱਤਰ ਸ਼ਰਮਾ, ਸੰਜੀਵ ਸ਼ਰਮਾ, ਰਾਕੇਸ਼ ਸ਼ਰਮਾ, ਐਸ.ਸੀ. ਚਾਵਲਾ, ਦਵਿੰਦਰ ਸਿੰਘ ਸੈਣੀ, ਰਾਕੇਸ਼ ਕਨੌਂਜੀਆ, ਰਜਿੰਦਰ ਕਨੌਂਜੀਆ, ਕਾਂਤਾ ਸ਼ਰਮਾ, ਜਗਦੀਪ ਜੱਗੀ, ਪੁਨੀਤ ਕੁਮਾਰ, ਮੋਹਨ ਲਾਲ ਤਨੇਜਾ ਆਦਿ ਵੀ ਹਾਜਰ ਸਨ



## ਆਰ. ਐੱਮ ਪੀ. ਆਈ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਫੂਕਿਆ ਪੁੱਤਲਾ



ਤਰਨ ਤਾਰਨ 2 ਜਨਵਰੀ (ਪਰਗਟ ਸਿੰਘ ਸਿੱਧਵਾਂ ਜੀਵਨ ਜੱਜ) ਡਾਕਟਰ ਭੀਮਰਾਓ ਅੰਬੇਦਕਰ ਸਾਹਿਬ ਦੇ ਖਿਲਾਫ ਅਪਸ਼ਬਦ ਬੋਲਣ ਅਤੇ ਘੱਟ ਗਿਣਤੀਆ ਖਿਲਾਫ ਹਮਲੇ ਕਰਨ ਵਿਰੁੱਧ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਆਰ. ਐੱਮ ਪੀ .ਆਈ ਵੱਲੋ ਬਜਾਰਾ ਵਿੱਚ ਰੋਸ ਪ੍ਰਦਰਸ਼ਨ ਕਰਕੇ ਬਹੋੜੀ ਚੌਂਕ ਵਿਖੇ ਪੁਤਲਾ ਸਾੜਿਆ ਗਿਆ ਅਤੇ ਮੰਤਰੀ ਮੰਡਲ ਤੇ ਬਰਖਾਸ਼ਤ ਕਰਨ ਦੀ ਜੋਰਦਾਰ ਮੰਗ ਕੀਤੀ ਗਈ । ਇਸ ਦੀ ਅਗਵਾਈ ਜਰਨੈਲ ਸਿੰਘ ਰਸੂਲਪੁਰ ਮੀਨਾ ਕੌਰ ਚੀਮਾ ਸਰਪੰਚ ਚੀਮਾ ਖੁਰਦ ਬੁੱਧ ਸਿੰਘ ਪੱਖੋਕੇ ਨੇ ਕੀਤੀ । ਇਸ ਤੋਂ ਪਹਿਲਾ ਗਾਂਧੀ ਪਾਰਕ ਤਰਨ ਤਾਰਨ ਚ ਇਕੱਤਰ ਹੋਏ ਸਰਗਰਮ ਵਰਕਰਾਂ ਨੂੰ ਸੰਬੋਧਨ ਕਰਦਿਆਂ ਆਰ. ਐੱਮ.ਪੀ. ਆਈ ਦੇ ਜਿਲ੍ਹਾ ਵਿੱਤ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਆਰ. ਐੱਸ ਐੱਸ ਦੇ ਇਸ਼ਾਰਿਆ ਤੇ ਘੱਟ ਗਿਣਤੀਆਂ ਦਲਿਤਾਂ ਮੁਸਲਮਾਨਾਂ ਇਸਾਈਆ ਖਾਸ ਕਰ ਔਰਤਾ ਤੇ ਜਾਨ ਲੇਵਾ ਹਮਲੇ ਕੀਤੇ ਜਾ ਰਹੇ ਹਨ । ਸੰਵਿਧਾਨ ਨੂੰ ਤੋੜਨ ਲਈ ਮਨਸੂਬੇ ਘੜੇ ਜਾ ਰਹੇ ਹਨ । ਦਲਿਤ ਸਮਾਜ ਦੇ ਰਹਿਬਰਾਂ ਖਿਲਾਫ ਅਪਸ਼ਬਦ ਬੋਲੇ ਜਾ ਰਹੇ ਹਨ । ਉਨ੍ਹਾਂ ਕਿਹਾ ਕਿ ਬਹੁ ਧਰਮੀ ਦੇਸ਼ ਦੇ ਲੋਕਾਂ ਨੂੰ ਧਰਮਾਂ ਜਾਤਾਂ ਦੇ ਨਾ ਤੇ ਲੜਾਇਆ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਗੈਰਵਿਗਿਆਨਕ ਗੱਲਾ ਕਰਕੇ ਮੰਨੂਸਿਮਰਤੀ ਲਾਗੂ ਕਰਨ ਲਈ ਅੱਡੀ ਚੋਟੀ ਦਾ ਜੋਰ ਲਾਇਆ ਜਾ ਰਿਹਾ ਹੈ । ਪੰਡੋਰੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਚ ਅਤੇ ਪੰਜਾਬ ਦੀ ਭਗਵੰਤ ਮਾਨ ਦੀ ਸਰਕਾਰ ਦੀਆਂ ਨੀਤੀਆਂ ਵਿੱਚ ਕੋਈ ਅੰਤਰ ਨਹੀਂ । ਇਨ੍ਹਾਂ ਦੋਹਾਂ ਦੀਆਂ ਨੀਤੀਆਂ ਲੋਕ ਵਿਰੋਧੀ ਸਾਬਤ ਹੋਈਆਂ ਹਨ । ਇਸ ਮੋਕੇ ਦੇ ਨਰਿੰਦਰ ਸਿੰਘ ਰਟੋਲ ਕਰਮ ਸਿੰਘ ਪੰਡੋਰੀ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਵੀ ਨਵਉਦਾਰਵਾਦੀ ਨੀਤੀਆਂ ਨੂੰ ਤੇਜੀ ਨਾਲ ਲਾਗੂ ਕਰ ਰਹੀ ਹੈ । ਜਿਨ੍ਹਾਂ ਨੀਤੀਆਂ ਕਾਰਨ ਰੁਜ਼ਗਾਰ ਦੇ ਵਸੀਲੇ ਖਤਮ ਹੋ ਰਹੇ ਹਨ । ਲੋਕਾਂ ਨਾਲ ਕੀਤੀਆਂ ਗਰੰਟੀਆ ਨੂੰ ਪੂਰਿਆ ਨਹੀਂ ਕੀਤਾ ਜਾ ਰਿਹਾ । ਮਨਰੇਗਾ ਸਕੀਮ ਦਾ ਲਾਭ ਆਪਣੇ ਚਹੇਤਿਆ ਨੂੰ ਦਿੱਤਾ ਜਾ ਰਿਹਾ ਹੈ । ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕੀਤਾ ਜਾਵੇ , ਕੰਮ ਮੰਗਦੇ ਸਾਰੇ ਵਰਕਰਾਂ ਨੂੰ ਕੰਮ ਦਿੱਤਾ ਜਾਵੇ ਅਤੇ ਦਿਹਾੜੀ ਸੱਤ ਸੋ ਰੁਪਏ ਦਿੱਤੀ ਜਾਵੇ । ਇਸ ਮੌਕੇ ਮਾਸਟਰ ਗੁਰਪ੍ਰੀਤ ਸਿੰਘ ਠੱਠੀਆ ਬਲਵਿੰਦਰ ਸਿੰਘ ਦਬੁਰਜੀ ਗੁਰਭੇਜ ਸਿੰਘ ਭੱਟੀ ਜੋਗਿੰਦਰ ਸਿੰਘ ਜਵੰਦਾ ਦਲਬੀਰ ਸਿੰਘ ਬਾਗੜੀਆ ਕੁਲਦੀਪ ਸਿੰਘ ਰਟੋਲ ਗੁਰਵੇਲ ਸਿੰਘ ਚੀਮਾ ਬਗੀਚਾ ਸਿੰਘ ਗੰਡੀਵਿੰਡ ਆਦਿ ਨੇ

## ਹਰੇ ਰਾਮਾ ਹਰੇ ਕ੍ਰਿਸ਼ਨਾ ਵੈਲਫੇਅਰ ਸੁਸਾਇਟੀ (ਰਜਿ. ) ਮਾਨਸਾ ਵੱਲੋਂ ਨਵੇਂ ਸਾਲ ਦੀ ਆਮਦ ਮੌਕੇ ਤੇ ਵਿਸ਼ਾਲ ਭੰਡਾਰਾ ਲਗਾਈਆ ਗਿਆ



ਮਾਨਸਾ, 02 ਜਨਵਰੀ:- (ਗੁਰਪ੍ਰੀਤ ਧਾਲੀਵਾਲ) ਨਵੇਂ ਸਾਲ ਦੀ ਆਮਦ ਮੌਕੇ ਤੇ ਹਰੇ ਰਾਮਾ ਹਰੇ ਕ੍ਰਿਸ਼ਨਾ ਵੈਲਫੇਅਰ ਸੁਸਾਇਟੀ (ਰਜਿ. ) ਮਾਨਸਾ ਵੱਲੋਂ ਸੁਸਾਇਟੀ ਪ੍ਰਧਾਨ ਬਲਜੀਤ ਕੜਵੱਲ ਜੀ ਦੀ ਅਗਵਾਈ ਵਿੱਚ ਗੁਰੂਦਵਾਰਾ ਚੌਂਕ ਵਿੱਚ ਵਿਸ਼ਾਲ ਭੰਡਾਰਾ ਲਗਾਈਆ ਗਿਆ। ਇਸ ਭੰਡਾਰੇ ਵਿੱਚ ਹਜਾਰਾ ਦੀ ਗਿਣਤੀ ਵਿੱਚ ਇਲਾਕਾ ਨਿਵਾਸੀਆ ਨੂੰ ਲੰਗਰ ਸ਼ਕਾਇਆ ਗਿਆ । ਇਸ ਮੌਕੇ ਕਮੇਟੀ ਦੇ ਸੰਸ਼ਥਾਪਕ ਮਨਮੋਹਿਤ ਗੋਇਲ ਨੇ ਦੱਸਿਆ ਕਿ ਕਮੇਟੀ ਵੱਲੋ ਚਿੰਤਪੂਰਨੀ ਮਾਤਾ ਵਿੱਖੇ ਮਾਤਾ ਮਾਇਸਰਖਾਨਾ ਤੇ ਨਵੇਂ ਸਾਲ ਮੌਕੇ ਭੰਡਾਰੇ ਹਰ ਸਾਲ ਲਗਾਏ ਜਾਂਦੇ ਹਨ। ਇਸ ਮੌਕੇ ਤੇ ਭੰਡਾਰੇ ਦੀ ਸ਼ੁਰੂਆਤ ਡਾ ਮਾਨਵ ਜਿੰਦਲ ਸਮਾਸੇਵੀ, ਅਰਸਦੀਪ ਮਾਈਕਲ ਗਾਗੋਵਾਲ ਅਤੇ ਇੰਜ ਹਨੀਸ਼ ਬਾਂਸਲ, ਸੰਜੀਵ ਪਿੰਕਾ ਨੇ ਕੀਤੀ।ਇਸ ਮੌਕੇ ਅਸ਼ੋਕ ਸਪੋਲੀਆ , ਸੰਜੀਵ ਪਿੰਕਾ , ਡਾ ਰਣਜੀਤ ਰਾਏ ਨੇ ਸ਼ੋਸਾਇਟੀ ਵੱਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਇੰਨਵਾਇਰਮੈਂਟ ਸੁਸਾਇਟੀ ਦੀ ਪੂਰੀ ਟੀਮ ਨੇ ਭੰਡਾਰੇ ਵਿੱਚ ਹਾਜਰੀ ਲਗਵਾਈ। ਸੁਸਾਇਟੀ ਦੇ ਪ੍ਰਧਾਨ ਬਲਜੀਤ ਕੜਵਲ ਨੇ ਕਿਹਾ ਕਿ ਹਰ ਮਨੁੱਖ ਨੂੰ ਲੋੜਵੰਦਾ ਦੀ ਮਦਦ ਲਈ ਹਮੇਸਾ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਕਾਰਜਕਾਰੀ ਪ੍ਰਧਾਨ ਅਨੀਸ਼ ਗੋਇਲ ਪ੍ਰੋਜੈਕਟ ਚੇਅਰਮੈਨ ਦੀਪ ਜਿੰਦਲ, ਸੈਕਟਰੀ ਸੰਜੀਵ ਕੇ ਐਸ, ਕੈਸ਼ੀਅਰ ਅਰਜਨ ਸਿੰਘ ,ਚੇਅਰਮੈਨ ਜੋਨੀ ਸਿੰਗਲਾ, ਰਾਕੇਸ ਬਾਲਾਜੀ ਵਾਲੇ, ਗੌਰਵ ਸ਼ਰਮਾ, ਅਭੀ ਸਿੰਗਲਾ, ਜੱਸੀ, ਕਪਿਲ, ਆਸ਼ੂ ਜੈਨ, ਅਰੁਣ ਗੁਪਤਾ, ਸੁਰਿੰਦਰ ਸਿੰਗਲਾ, ਗਾਂਧੀ ਸਿੰਗਲਾ, ਦੀਪੀ ਜੀ ਤੇ ਹੋਰ ਸਾਰੇ ਕਮੇਟੀ ਮੈਂਬਰ ਤੇ ਆਹੁਦੇਦਾਰ ਸਹਿਬਾਨ ਹਾਜਰ ਸਨ।

## 67ਵੇਂ ਦਿਨ ਓ ਬੀ ਸੀ ਫੈਡਰੇਸ਼ਨ ਵੱਲੋਂ ਸੀਵਰੇਜ਼ ਸਮੱਸਿਆ ਨੂੰ ਹੱਲ ਕਰਵਾਉਣ ਲਈ ਚੱਲ ਰਹੇ ਧਰਨੇ ਦੀ ਕੀਤੀ ਅਗਵਾਈ




ਮਾਨਸਾ, 02 ਜਨਵਰੀ:- (ਗੁਰਪ੍ਰੀਤ ਧਾਲੀਵਾਲ) ਸੀਵਰੇਜ਼ ਦੀ ਸਮੱਸਿਆ ਨੂੰ ਹੱਲ ਕਰਵਾਉਣ ਲਈ ਧਾਰਮਿਕ ਸਮਾਜਿਕ, ਸਮਾਜ ਸੇਵੀ ਸੰਸਥਾਵਾਂ ਅਤੇ ਕੁਝ ਕੌਂਸਲਰਾਂ ਵੱਲੋਂ ਲਾਇਆ ਧਰਨਾ ਅੱਜ 67ਵੇਂ ਦਿਨ ਵੀ ਸੇਵਾ ਸਿੰਘ ਠੀਕਰੀਵਾਲਾ ਚੌਂਕ ਵਿੱਚ ਰਿਹਾ ਜਾਰੀ ਰਾਮਪਾਲ ਵਾਇਸ ਪ੍ਰਧਾਨ, ਅਮ੍ਰਿਤ ਪਾਲ ਗੋਗਾ, ਹੰਸਾ ਸਿੰਘ ਅਤੇ ਅਜੀਤ ਸਿੰਘ ਸਰਪੰਚ ਦੀ ਦੇਖ ਰੇਖ ਵਿੱਚ ਚੱਲ ਰਹੇ ਧਰਨੇ ਦੇ ਅੱਜ 67ਵੇਂ ਦਿਨ ਓਬੀਸੀ ਫੈਡਰੇਸ਼ਨ ਜ਼ਿਲ੍ਹਾ ਮਾਨਸਾ ਵੱਲੋਂ ਅਗਵਾਈ ਕੀਤੀ ਗਈ ਧਰਨੇ ਨੂੰ ਸੰਬੋਧਨ ਕਰਦਿਆਂ ਫੈਡਰੇਸ਼ਨ ਦੇ ਜਰਨਲ ਸਕੱਤਰ ਲਾਲ ਚੰਦ ਯਾਦਵ ਅਤੇ ਸੀਨੀਅਰ ਮੀਤ ਪ੍ਰਧਾਨ ਮਹਿੰਦਰ ਪਾਲ ਨੇ ਕਿਹਾ ਕਿ ਸਾਰੇ ਸ਼ਹਿਰ ਦੀ ਹਾਲਤ ਬਹੁਤ ਬੁਰੀ ਹੈ।ਸੜਕਾਂ ਗਲੀਆਂ ਗੰਦੇ ਪਾਣੀ ਨਾਲ ਭਰੀਆਂ ਪਈਆਂ ਹਨ। ਐਕਸੀਡੈਂਟ ਕਾਰਨ ਮੌਤਾਂ ਹੋ ਰਹੀਆਂ ਹਨ। ਪਰ ਸਰਕਾਰ ਦੇ ਕੰਨਾਂ ਤੇ ਜੂੰ ਨਹੀਂ ਸਰਕ ਰਹੀ ਧਰਨੇ ਨੂੰ ਵੱਖ ਵੱਖ ਸੰਸਥਾਵਾਂ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਲਗਦਾ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਨੂੰ ਲਗਾਤਾਰ ਚੱਲ ਰਹੇ ਧਰਨੇ ਦੀ ਕੋਈ ਪ੍ਰਵਾਹ ਨਹੀਂ ਜਦੋਂ ਕਿ ਲਗਾਤਾਰ ਚੱਲ ਰਹੇ ਸੰਘਰਸ਼ ਵਿੱਚ ਹਰ ਵਰਗ ਦੀਆਂ ਸੰਸਥਾਵਾਂ ਸ਼ਾਮਲ ਹਨ । ਸਾਂਝੀ ਸੰਘਰਸ਼ ਕਮੇਟੀ ਵੱਲੋਂ 3 ਜਨਵਰੀ ਨੂੰ ਸਵੇਰੇ 10 ਵਜੇ ਧਰਨੇ ਵਾਲੇ ਸਥਾਨ ਤੇ ਠੀਕਰੀਵਾਲਾ ਚੌਂਕ ਵਿੱਚ ਸੰਘਰਸ਼ ਦੀ ਅਗਲੀ ਰੂਪ ਰੇਖਾ ਉਲੀਕਣ ਲਈ ਵਿਸ਼ੇਸ਼ ਮੀਟਿੰਗ ਕੀਤੀ ਜਾ ਰਹੀ ਹੈ ਸਮੂਹ ਸੰਸਥਾਵਾਂ ਭਰਾਤਰੀ ਜਥੇਬੰਦੀਆਂ ਅਤੇ ਸ਼ਹਿਰੀਆਂ ਨੂੰ ਅਪੀਲ ਕੀਤੀ ਕਿ ਸਮੇਂ ਸਿਰ ਮੀਟਿੰਗ ਵਿੱਚ ਪਹੁੰਚਕੇ ਅਪਣੇ ਵਡਮੁੱਲੇ ਵਿਚਾਰ ਸਾਂਝੇ ਕਰਨ ਤਾਂ ਜੋ ਸੰਘਰਸ਼ ਦੀ ਅਗਲੀ ਰੂਪ ਰੇਖਾ ਤਹਿ ਕੀਤੀ ਜਾ ਸਕੇ ਅਤੇ ਸਮੂਹ ਸ਼ਹਿਰ ਵਾਸੀਆਂ ਤੋਂ ਵੀ ਸਹਿਯੋਗ ਦੀ ਮੰਗ ਕੀਤੀ ਗਈ । ਇਸ ਮੌਕੇ ਧਰਨੇ ਵਿੱਚ ਭਗਵੰਤ ਸਿੰਘ ਸਮਾਓ, ਧੰਨਾ ਮੱਲ ਗੋਇਲ, ਮੇਜ਼ਰ ਸਿੰਘ ਦੂਲੋਵਾਲ, ਰਾਜਕੁਮਾਰ ਗਰਗ, ਭਗਵਾਨ ਸਿੰਘ, ਬਿੱਕਰ ਸਿੰਘ ਮਘਾਣੀਆ, ਜਗਤ ਪਾਲ ਮੋਰੀਆਂ,ਕੇਵਲ ਸਿੰਘ, ਲਾਲ ਚੰਦ ਲੁਹਾਣੀਵਾਲ, ਰਜਿੰਦਰ ਕੁਮਾਰ, ਸੋਨੂੰ ਯਾਦਵ ,ਪਰਸ ਰਾਮ , ਸਰਬਨ ਕੁਮਾਰ , ਮਹਾਤਮ ਚੌਹਾਨ , ਪੱਪੂ ਚੌਧਰੀ ਆਦਿ ਆਗੂ ਸਾਥੀਆਂ ਨੇ ਵੀ ਵਿਚਾਰ ਸਾਂਝੇ ਕੀਤੇ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ- 1, ਦੁੱਗਰੀ ਵਿੱਚ ਨਵੇਂ ਸਾਲ ਦੇ ਆਗਮਨ ਤੇ ਭਾਰੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਈਆਂ =ਬੈਨੀਪਾਲ



ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਨਵੇਂ ਸਾਲ ਦੇ ਆਗਮਨ ਦੀ ਖੁਸ਼ੀ ਵਿੱਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਕੀਰਤਨ ਸਮਾਗਮ ਕਰਵਾਏ ਗਏ ਜਿਸ ਵਿੱਚ ਅੱਜ ਸਵੇਰੇ ਅੰਮ੍ਰਿਤ ਵੇਲੇ ਤੋਂ ਹੀ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ ਅਤੇ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ, ਗਗਨਦੀਪ ਸਿੰਘ, ਅਮਨਦੀਪ ਸਿੰਘ ਨੇ ਆਸਾ ਜੀ ਦੀ ਵਾਰ ਦਾ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਇਆ। ਸੰਗਤਾਂ ਨੇ ਸੰਗਤੀ ਰੂਪ ਵਿੱਚ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ । ਗਿਆਨੀ ਹਰਦੀਪ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨੂੰ ਨਵੇਂ ਸਾਲ 2025 ਦੇ ਆਗਾਜ਼ ਦੀ ਖੁਸ਼ੀ ਵਿੱਚ ਸਾਰੀ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਨਵਾਂ ਸਾਲ ਸਾਰੀਆਂ ਸੰਗਤਾਂ ਲਈ ਖੁਸ਼ੀਆਂ ਲੈ ਕੇ ਆਵੇ। ਰਹਿਰਾਸ ਸੋਦਰ ਦੀ ਚੌਂਕੀ ਤੋਂ ਬਾਅਦ ਭਾਈ ਉਂਕਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਾ ਕੇ ਗੁਰੂ ਜਸ ਨਾਲ ਜੋੜਿਆ । ਸੰਗਤਾਂ ਨੂੰ ਆਉਣ ਵਾਲੇ ਨਵੇਂ ਸਾਲ ਦੀ ਵਧਾਈ ਵੀ ਦਿੱਤੀ । ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੈਅਰਮੈਨ ਬਲਜੀਤ ਸਿੰਘ ਸੇਠੀ ਅਤੇ ਦਰਸ਼ਨ ਸਿੰਘ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਭਾਈ ਉਂਕਾਰ ਸਿੰਘ ਦੇ ਕੀਰਤਨੀ ਜਥੇ ਦਾ ਸਨਮਾਨ ਵੀ ਕੀਤਾ । ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਉਣ ਵਾਲਾ ਨਵਾਂ ਸਾਲ 2025 ਸਾਰੀਆਂ ਸੰਗਤਾਂ ਲਈ ਖੁਸ਼ੀਆਂ ਭਰਿਆ ਹੋਵੇ । ਸੰਗਤਾਂ ਵੱਧ ਤੋਂ ਵੱਧ ਗੁਰੂ ਘਰ ਨਾਲ ਜੁੜਨ ਅਤੇ ਗੁਰੂ ਵਾਲੀਆਂ ਬਣਨ। ਸੰਗਤਾਂ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚਗਰ, ਮਲਕੀਤ ਸਿੰਘ, ਯਸਪਾਲ ਸਿੰਘ, ਗੁਰਦੀਪ ਸਿੰਘ ਕਾਲੜਾ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰਪਾਲ ਸਿੰਘ, ਚਰਨਜੀਤ ਸਿੰਘ ਪਾਇਲ, ਮਨਜੀਤ ਸਿੰਘ ਪਾਇਲ, ਦਲਜੀਤ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਤਰਲੋਕ ਸਿੰਘ ਸਚਦੇਵਾ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਜਗਜੀਵਨ ਸਿੰਘ ਸੋਹਨਪਾਲ, ਵੀਰਨਜੀਤ ਸਿੰਘ ਸੋਹਨਪਾਲ, ਐਡਵੋਕੇਟ ਰਜਿੰਦਰਪਾਲ ਸਿੰਘ ਹਾਜ਼ਰ ਸਨ ।

## ਸਬ-ਡਵੀਜ਼ਨ ਕੇਂਦਰੀ ਦੇ ਖੇਤਰ 'ਚ ਡਰੋਨ ਰਾਂਹੀ ਚਾਈਨਾਂ ਡੌਰ ਨਾਲ ਪਤੰਗਬਾਜ਼ੀ ਕਰਨ ਵਾਲਿਆ ਤੇ ਰੱਖੀ ਜਾ ਰਹੀ ਪੈਨੀ ਨਜ਼ਰ
## ਅਗਰ ਕੋਈ ਬੱਚਾ ਚਾਈਨਾਂ ਡੋਰ ਨਾਲ ਪੰਤਗਬਾਜ਼ੀ ਕਰਦਾ ਦਿਖਾਈ ਦਿੱਤਾ ਤਾਂ ਉਸਦੇ ਮਾਤਾ-ਪਿਤਾ ਤੇ ਹੋਵੇਗੀ ਕਾਨੂੰਨ ਕਾਰਵਾਈ

ਰਣਜੀਤ ਸਿੰਘ ਮਸੌਣ/ਜੋਗਾ ਸਿੰਘ ਅੰਮ੍ਰਿਤਸਰ ਚਾਈਨਾਂ ਡੌਰ ਦੇ ਖਿਲਾਫ਼ ਜਾਰੀ ਮੁਹਿੰਮ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਕਮਿਸ਼ਨਰ ਪੁਲਿਸ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਦੀਆਂ ਹਦਾਇਤਾਂ ਤੇ ਆਲਮ ਵਿਜੈ ਸਿੰਘ,ਮ ਡੀ.ਸੀ.ਪੀ ਲਾਅ-ਐਂਡ-ਆਰਡਰ ਅੰਮ੍ਰਿਤਸਰ ਅਤੇ ਵਿਸ਼ਾਲਜੀਤ ਸਿੰਘ ਏ.ਡੀ.ਸੀ.ਪੀ ਸਿਟੀ-1, ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਤੇ ਜਸਪਾਲ ਸਿੰਘ ਏਸੀਪੀ ਸੈਂਟਰਲ ਅੰਮ੍ਰਿਤਸਰ ਵੱਲੋਂ ਥਾਣਾ ਗੇਟ ਹਕੀਮਾਂ, ਅੰਮ੍ਰਿਤਸਰ ਦੇ ਇੰਸਪੈਕਟਰ ਮਨਜੀਤ ਕੌਰ ਵੱਲੋਂ ਥਾਣੇ ਦੇ ਖੇਤਰ ਵਿੱਖੇ ਡਰੋਨ ਦੀ ਮੱਦਦ ਨਾਲ ਚਾਈਨਾਂ ਡੋਰ ਨਾਲ ਪਤੰਗਬਾਜ਼ੀ ਕਰਨ ਵਾਲਿਆ ਖਿਲਾਫ਼ ਨਜ਼ਰ ਰੱਖ ਗਈ।

ਏ.ਸੀ.ਪੀ ਕੇਂਦਰੀ ਨੇ ਕਿਹਾ ਕਿ ਸਬ-ਡਵੀਜ਼ਨ ਕੇਂਦਰੀ ਦੇ ਸਾਰੇ ਥਾਣਿਆਂ ਇਸਲਾਮਾਬਾਦ, ਗੇਟ ਹਕੀਮਾਂ, ਡੀ-ਡਵੀਜ਼ਨ ਤੇ ਈ-ਡਵੀਜ਼ਨ ਵਿੱਚ ਹੁਣ ਤੱਕ ਅਲੱਗ-ਅਲੱਗ ਮੁਕੱਦਮਿਆਂ ਵਿੱਚ ਇੱਕ ਹਜ਼ਾਰ ਦੇ ਕਰੀਬ ਚਾਈਨਾਂ ਡੌਰ ਦੇ ਗੱਟੂ ਬਰਾਮਦ ਕੀਤੇ ਗਏ ਹਨ।

ਉਹਨਾਂ ਲੋਕਾਂ ਨੂੰ ਅਪੀਲ ਹੈ ਕਿ ਇਸ ਚਾਈਨਾ ਡੋਰ ਤੋਂ ਤੌਬਾ ਕੀਤੀ ਜਾਵੇ। ਆਪਣੇ ਮਨੋਰੰਜਨ ਲਈ ਪੰਛੀਆ ਤੇ ਮਨੁੱਖੀ ਜਿੰਦਗੀ ਨੂੰ ਖ਼ਤਰੇ ਵਿੱਚ ਨਾ ਪਾਇਆ ਜਾਵੇ। ਜੇ ਪਤੰਗਬਾਜ਼ੀ ਕਰਨੀ ਹੈ ਤਾਂ ਰਿਵਾਇਤੀ ਡੌਰ ਦਾ ਇਸਤੇਮਾਲ ਕੀਤਾ ਜਾਵੇ।

ਲੋਹੜੀ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ, ਹੋਰ ਸਖ਼ਤੀ ਨਾਲ ਡੇਲੀ ਬੇਸਿਸ ਤੇ ਡਰੋਨ ਦੀ ਸਹਾਇਤਾ ਨਾਲ ਲੋਕਾਂ ਦੇ ਘਰਾਂ ਦੀਆਂ ਛੱਤਾਂ ਦੇ ਉੱਤੇ ਜਾ ਕੇ ਜਿਹੜੇ ਬੱਚੇ ਜਾਂ ਨੌਜ਼ਵਾਨ ਚਾਈਨਾ ਡੌਰ ਦੇ ਨਾਲ ਗੁੱਡੀ ਉਡਾਉਂਦੇ ਨੇ ਉਹਨਾਂ ਨੂੰ ਕੈਮਰੇ 'ਚ ਕ਼ੈਦ ਕੀਤਾ ਜਾਂਦਾ ਹੈ ਤੇ ਉਸ ਤੋਂ ਬਾਅਦ ਉਹਨਾਂ ਦੀ ਸ਼ਨਾਖਤ ਕਰਕੇ ਉਹਨਾਂ ਦੇ ਮਾਤਾ-ਪਿਤਾ ਨੂੰ ਥਾਣੇ ਨੂੰ ਬੁਲਾ ਕੇ ਵੀਡਿਓ ਦਿਖਾ ਕੇ ਵਾਰਨਿੰਗ ਦਿੱਤੀ ਜਾਂਦੀ ਹੈ, ਅੱਗੇ ਤੋਂ ਅਗਰ ਉਹਨਾਂ ਨੇ ਅਜਿਹਾ ਕੀਤਾ ਤਾਂ ਉਹਨਾਂ ਦੇ ਖਿਲਾਫ਼ (ਪੇਰੈਂਟਸ) ਕਾਨੂੰਨੀ ਕਾਰਵਾਈ ਹੋ ਸਕਦੀ ਹੈ।





## ਸਰਕਾਰੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ -ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ

ਬਟਾਲਾ ,, ਅਲੀਵਾਲ 02 ਜਨਵਰੀ (ਬਲਦੇਵ ਸਿੰਘ ਖਾਲਸਾ/ਸੁਨੀਲ ਕੁਮਾਰ ਬਟਾਲਵੀ )ਹਲਕਾ ਫਤਹਿਗੜ ਚੂੜੀਆਂ ਦੇ ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ ਨੇ ਹਲਕਾ ਵਾਸੀਆਂ ਨੂੰ ਨਵੇਂ ਸਾਲ ਦੀਆ ਮੁਬਾਰਕਾਂ ਦਿਤੀਆਂ ਤੇ ਕਿਹਾ ਕਿ ਨਵਾਂ ਸਾਲ ਸਾਲ ਚ ਸਾਰੇ ਲੋਕ ਖੁਸ਼ ਰਹਿਣ ਤੇ ਇੱਕ ਦੂਜੇ ਨਾਲ ਮਿਲ -ਜੁਲ ਕੇ ਰਹਿਣ| ਅੱਗੇ ਉਹਨਾਂ ਕਿਹਾ ਕਿ ਹਲਕਾ ਫਤਹਿਗੜ ਚੂੜੀਆਂ ਪੰਜਾਬ ਪਨਸਪ ਦੇ ਚੇਅਰਮੈਨ ਤੇ ਹਲਕਾ ਫਤਹਿਗੜ ਚੂੜੀਆਂ ਦੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਦੀ ਅਗਵਾਈ ਚ ਹਲਕਾ ਸਚਾਰੂ ਢੰਗ ਨਾਲ ਚੱਲ ਰਿਹਾ ਹੈ |ਅੱਗੇ ਉਹਨਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਸਰਕਾਰੀ ਸਹੂਲਤਾਂ ਦਾ ਲਾਭ ਮਿਲ ਰਿਹਾ ਹੈ|

ਕੱਚੇ ਮਕਾਨ ਪੱਕੇ ਕਰਨੇ, ਪੈਨਸਨਾਂ, ਤੇ ਹੋਰ ਕੰਮ ਵੀ ਜੋਰਾਂ -ਸ਼ੋਰਾ ਕੀਤੇ ਜਾ ਰਹੇ ਹਨ |ਉਹਨਾਂ ਕਿਹਾ ਪਿੰਡਾਂ ਚ ਸਰਪੰਚ ਤੇ ਨਵੀਆਂ ਪੰਚਾਇਤਾਂ ਬਣੀਆਂ ਹਨ |ਹੁਣ ਪਿੰਡਾਂ ਦੇ ਕੰਮ ਸੁੱਚਾਰੇ ਢੰਗ ਨਾਲ ਹੋਣਗੇ |ਨਵੀਆਂ ਬਣੀਆਂ ਪੰਚਾਇਤਾਂ ਨਾਲ ਕੰਮਾਂ ਚ ਤੇਜੀ ਆਵੇਗੀ ਤੇ ਹਲਕੇ ਦੇ ਪਹਿਲਾਂ ਨਿਯੁਕਤ ਵਿਅਕਤੀ ਵੀ ਬੜੇ ਸਰਗਰਮ ਹਨ |ਆਪਣੀਆਂ ਜਿੰਮੇਵਾਰੀਆਂ ਵੱਧੀਆ ਨਿਭਾ ਰਹੇ ਹਨ|

ਅੰਤ ਵਿੱਚ ਉਹਨਾਂ ਨੇ ਕਿਹਾ ਕਿ ਹਲਕਾ ਵਾਸੀ ਪਿੰਡਾਂ ਦੀਆ ਪੰਚਾਇਤਾਂ ਨੂੰ ਆਪਣੀਆਂ ਸਮੱਸਿਆਵਾਂ ਦੱਸਣ ਤਾਂ ਜੋ ਸਮੱਸਿਆਵਾਂ ਹੱਲ ਹੋ ਸਕਣ|



## ਸਰਕਲ ਪੈਨਸ਼ਨਰਸ ਦੀ ਸੂਬਾ ਕਮੇਟੀ ਨਾਲ ਹੋਈ ਵਿਸ਼ੇਸ਼ ਮੀਟਿੰਗ ਲਿਤੇ ਗਏ ਅਹਿਮ ਫੈਸਲੇ
## ਸਰਕਾਰ ਅਗਰ ਸਾਡੀ ਮੰਗਾਂ ਨਹੀਂ ਮੰਨਦੀ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ



ਡੇਰਾਬੱਸੀ/ਲਾਲੜੂ,02 - ਜਨਵਰੀ(ਹਿਮਾਂਸ਼ੂ ਹੈਰੀ):ਪੰਜਾਬ ਸਟੇਟ ਪਾਵਰ/ਟਰਾਂਸਮਿਸ਼ਨ ਕਾਰਪੋਰੇਸ਼ਨ ਦੇ ਪੈਨਸ਼ਨਰਜ਼ ਐਸੋਸੀਏਸ਼ਨ ਹਲਕਾ ਮੋਹਾਲੀ ਦੀ ਕਨਵੈਨਸ਼ਨ ਮੋਹਾਲੀ ਸਰਕਲ ਦੇ ਪ੍ਰਧਾਨ ਗੁਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਮਹਾਰਾਣਾ ਪ੍ਰਤਾਪ ਭਵਨ, ਲਾਲੜੂ ਵਿਖੇ ਹੋਈ। ਇਸ ਕਨਵੈਨਸ਼ਨ ਵਿੱਚ ਹਲਕਾ ਮੋਹਾਲੀ ਅਧੀਨ ਆਉਂਦੀਆਂ ਡਵੀਜ਼ਨਾਂ ਦੇ ਪੈਨਸ਼ਨਰਜ਼ ਅਤੇ ਐਸੋਸੀਏਸ਼ਨ ਦੇ ਅਹੁਦੇਦਾਰ ਤੇ ਹਲਕਾ ਮੋਹਾਲੀ ਦੇ ਅਹੁੱਦੇਦਾਰ ਤੇ ਸਟੇਟ ਬਾਡੀ ਦੇ ਮੁੱਖ ਅਹੁੱਦੇਦਾਰਾਂ ਨੇ ਭਾਰੀ ਸੰਖਿਆ ਵਿੱਚ ਸਿਰਕਤ ਕੀਤੀ।ਇਸ ਮੌਕੇ ਕਨਵੈਨਸ਼ਨ ਦੇ ਮੁੱਖ ਮਹਿਮਾਨ ਵਜੋਂ ਧੰਨਵੰਤ ਸਿੰਘ ਭੱਠਲ ਜਨਰਲ ਸਕੱਤਰ ਤੇ ਉਹਨਾਂ ਦੇ ਨਾਲ ਦੇਵਰਾਜ ਮੀਤ ਪ੍ਰਧਾਨ ਤੇ ਅਮਰਜੀਤ ਸਿੰਘ ਸਿੱਧੂ ਸਕੱਤਰ ਸਟੇਟ ਬਾਡੀ ਵੀ ਹਾਜ਼ਰ ਰਹੇ। ਇਸ ਕੰਨਵੈਨਸ਼ਨ ਦੀ ਸ਼ੁਰੂਆਤ ਸਟੇਜ ਸਕੱਤਰ ਸ੍ਰੀ ਮਹਿੰਦਰ ਸਿੰਘ ਸੈਣੀ,ਜੇ.ਈ. ਵਲੋਂ ਆਏ ਹੋਏ ਮੁੱਖ ਮਹਿਮਾਨ ਤੇ ਹੋਰ ਪੈਨਸ਼ਨਰਜ਼ ਸਾਥੀਆਂ ਨੂੰ ਜੀ ਆਇਆਂ ਆਖ ਤੇ ਨਵੇਂ ਸਾਲ ਦੀ ਸੁਭਕਾਮਨਾਵਾਂ ਦੇ ਕੇ ਕੀਤੀ। ਇਸ ਕੰਨਵੈਨਸ਼ਨ ਦੌਰਾਨ ਪਾਵਰ ਕਾਰਪੋਰੇਸ਼ਨ ਤੇ ਸਰਕਾਰ ਪ੍ਰਤੀ ਮੰਗੀਆਂ ਹੋਈਆਂ ਮੰਗਾਂ ਜੋ ਲਾਗੂ ਨਹੀਂ ਕਰ ਰਹੀ। ਇਸ ਬਾਰੇ ਆਪਣੇ ਵਿਚਾਰ ਖੁੱਲ ਕੇ ਰੱਖੇ ਤੇ ਸਟੇਜ ਦੀ ਕਾਰਵਾਈ ਨੂੰ ਅੱਗੇ ਤੋਰਦੇ ਹੋਏ ਮੋਹਾਲੀ ਮੰਡਲ ਤੋਂ ਅਮਰੀਕ ਸਿੰਘ ਪ੍ਰਧਾਨ ਤੇ ਨਿਰਮਲ ਸਿੰਘ ਸਕੱਤਰ ਜ਼ੀਰਕਪੁਰ ਮੰਡਲ ਤੋਂ ਪ੍ਰਧਾਨ ਸਵਰਨ ਸਿੰਘ ਮਾਵੀ ਤੇ ਰਣਜੀਤ ਸਿੰਘ ਸਕੱਤਰ ਅਤੇ ਲਾਲੜੂ ਮੰਡਲ ਤੋਂ ਪ੍ਰਧਾਨ ਬਲਬੀਰ ਸਿੰਘ ਤੇ ਅਜੈਬ ਸਿੰਘ ਸਕੱਤਰ,ਨਿਰਮਲ ਸਿੰਘ,ਐਸ.ਡੀ.ਓ. ਤੇ ਹਲਕਾ ਮੋਹਾਲੀ ਤੋਂ ਗੁਰਿੰਦਰ ਸਿੰਘ ਪ੍ਰਧਾਨ ਨੇ ਆਪਣੇ-ਆਪਣੇ ਵਿਚਾਰ ਰੱਖੇ ਅਤੇ ਵੱਖ ਵੱਖ ਬੁਲਾਰਿਆਂ ਵਲੋਂ ਖਨੌਰੀ ਬਾਰਡਰ ਤੇ ਕਿਸਾਨੀ ਸੰਘਰਸ਼ ਤੇ ਬੈਠੇ ਕਿਸਾਨ ਆਗੂ ਸ੍ਰੀ ਜਗਜੀਤ ਸਿੰਘ ਡੱਲੇਵਾਲ, ਜਿਸ ਦਾ ਮਰਨ ਵਰਤ 38ਵੇਂ ਦਿਨ ਵਿੱਚ ਪਹੁੰਚ ਚੁੱਕਾ ਹੈ ਪਰੰਤੂ ਕੇਂਦਰ/ਪੰਜਾਬ ਸਰਕਾਰ ਇਹਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਬਾਰੇ ਵੀ ਕੋਈ ਗੱਲਬਾਤ ਕਰਨ ਲਈ ਤਿਆਰ ਨਹੀਂ ਹੋ ਰਹੇ ਜਿਸ ਦੀ ਕਨਵੈਨਸ਼ਨ ਵਿੱਚ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਇਸ ਕਨਵੈਨਸ਼ਨ ਦੇ ਅੰਤ ਵਿੱਚ ਸਟੇਟ ਬਾਡੀ ਦੇ ਦੇਵ ਰਾਜ ਸਿੰਘ, ਮੀਤ ਪ੍ਰਧਾਨ, ਅਮਰਜੀਤ ਸਿੰਘ ਸਿੱਧੂ, ਸਕੱਤਰ ਤੇ ਧੰਨਵੰਤ ਸਿੰਘ ਭੱਠਲ, ਜਨਰਲ ਸਕੱਤਰ ਨੇ ਖੁੱਲ ਕੇ ਪਾਵਰਕਾਮ ਤੇ ਪੰਜਾਬ ਸਰਕਾਰ ਦੇ ਮਾੜੇ ਵਿਤਕਰੇ, ਮੰਗੀਆਂ ਮੰਗਾਂ ਲਾਗੂ ਨਾ ਕਰਨ, 6ਵੇਂ ਪੇ ਕਮਿਸ਼ਨ ਦਾ 01.01.2016 ਤੋਂ ਬਕਾਇਆ ਨਾ ਦੇਣ ਅਤੇ ਡੀ.ਏ. ਦਾ ਪੁਰਾਣਾ ਬਕਾਇਆ ਤੇ ਕਰੰਟ ਡੀ.ਏ. 53 ਪ੍ਰਤੀਸ਼ਤ ਰਲੀਜ਼ ਨਾ ਕਰਨ ਬਾਰੇ ਆਪਣੇ ਵਿਚਾਰ ਰੱਖੇ ਤੇ ਨਿਕਟ ਭਵਿੱਖ ਵਿੱਚ ਆਉਣ ਵਾਲੀਆਂ ਜੱਥੇਬੰਦਕ ਚੋਣਾਂ ਦੀ ਤਿਆਰੀ ਲਈ ਜੱਥੇਬੰਦੀ ਨੂੰ ਮਜਬੂਤ ਬਣਾਉਣ ਤੇ ਮੈਂਬਰਸ਼ਿਪ ਵਧਾਉਣ ਤੇ ਜ਼ੋਰ ਦਿੱਤਾ ਤਾਂ ਕਿ ਆਉਣ ਵਾਲੇ ਨਵੇਂ ਸਾਲ ਵਿੱਚ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਾਉਣ ਲਈ ਤਿੱਖੇ ਸੰਘਰਸ਼ ਉਲੀਕੇ ਜਾ ਸਕਣ ਅਤੇ ਪਾਵਰਕਾਮ ਤੇ ਪੰਜਾਬ ਸਰਕਾਰ ਨਾਲ ਚਲਦੇ ਤਾਜਾ ਮਸਲਿਆਂ ਬਾਰੇ ਪੈਨਸ਼ਨਰਜ਼ ਨੂੰ ਜਾਣੂ ਕਰਵਾਇਆ ਤੇ ਕੰਨਵੈਨਸ਼ਨ ਦੇ ਕੀਤੇ ਪ੍ਰਬੰਧਾਂ ਸਬੰਧੀ ਵੀ ਬਹੁਤ ਸ਼ਲਾਘਾ ਕੀਤੀ ਅਤੇ ਪ੍ਰਧਾਨ ਹਲਕਾ ਮੋਹਾਲੀ ਵਲੋਂ ਆਏ ਹੋਏ ਸਾਰੇ ਪੈਨਸ਼ਨਰਜ਼ ਦਾ ਤੇ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ।

## ਪੱਤਰਕਾਰ ਗੁਰਪ੍ਰੀਤ ਸਿੰਘ ਮੱਤੇਵਾਲ ਦੇ ਮਾਤਾ ਜੀ ਦੀ ਹੋਈ ਅੰਤਿਮ ਅਰਦਾਸ



ਬਾਬਾ ਸੁਖਵੰਤ ਸਿੰਘ ਚੰਨਣਕੇ-ਚੌਕ ਮਹਿਤਾ 2 ਜਨਵਾਰੀ -ਕਸਬਾ ਮੱਤੇਵਾਲ ਤੋਂ ਪੱਤਰਕਾਰ ਗੁਰਪ੍ਰੀਤ ਸਿੰਘ ਮੱਤੇਵਾਲ ਦੇ ਮਾਤਾ ਜੀ ਸ੍ਰੀਮਤੀ ਗੁਰਬਚਨ ਕੌਰ ਮੱਤੇਵਾਲ ਧਰਮ ਸਪੁੱਤਨੀ ਸ. ਇਕਬਾਲ ਸਿੰਘ ਮੱਤੇਵਾਲ ਜੋਂ ਬੀਤੇ ਦਿਨੀ 21 ਦਸੰਬਰ ਨੂੰ ਦਿਲ ਦਾ ਦੌਰਾ ਪੈਣ ਕਰਕੇ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੇ ਨਮਿੱਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਅੰਤਿਮ ਅਰਦਾਸ ਕੀਤੀ ਗਈ। ਉਪਰੰਤ ਰਾਗੀ ਸਿੰਘਾਂ ਨੇ ਵੈਰਾਗਮਈ ਕੀਰਤਨ ਸੰਗਤਾਂ ਨੂੰ ਸਰਵਨ ਕਰਵਾਏ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਗਿਆਨੀ ਸੁਖਦੇਵ ਸਿੰਘ ਫ਼ਰਾਂਸ ਸਾਧਪੁਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਕਥਾ ਅਤੇ ਗੁਰਮੱਤ ਵਿਚਾਰਾਂ ਦੀ ਸਾਂਝ ਪਾਈ। ਇਸ ਦੁੱਖ ਦੀ ਘੜੀ ਵਿੱਚ ਮਾਤਾ ਗੁਰਬਚਨ ਕੌਰ ਜੀ ਨੂੰ ਸਰਧਾ ਦੇ ਫੁੱਲ ਭੇਂਟ ਕਰਨ ਲਈ ਭੋਗ ਅਤੇ ਅੰਤਿਮ ਅਰਦਾਸ ਵਿੱਚ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਵੱਲੋਂ ਗੁਰਪ੍ਰੀਤ ਸਿੰਘ ਮੱਤੇਵਾਲ ਤੇ ਸਮੂਹ ਪਰਿਵਾਰ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਜਿਨ੍ਹਾਂ ਵਿੱਚ ਹੋਰਨਾਂ ਤੋਂ ਇਲਾਵਾ ਸੰਤ ਬਾਬਾ ਸੱਜਣ ਸਿੰਘ ਜੀ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਮੱਤੇਵਾਲ ਵਾਲੇ, ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਗੋਲਡੀ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਪ੍ਰਿੰਸੀਪਲ ਪਰਮਬੀਰ ਸਿੰਘ ਮੱਤੇਵਾਲ, ਸਾਬਕਾ ਚੈਅਰਮੈਨ ਮਨਜੀਤ ਸਿੰਘ ਤਰਸਿੱਕਾ, ਪ੍ਰੋਫ਼ੈਸਰ ਸਤਬੀਰ ਸਿੰਘ ਮੱਤੇਵਾਲ, ਕੁਲਦੀਪ ਸਿੰਘ ਮੱਤੇਵਾਲ ਸੇਵਾ ਮੁਕਤ ਡਾਇਰੈਕਟਰ, ਲਖਬੀਰ ਸਿੰਘ ਪੀਏ ਮਜੀਠੀਆ, ਸਾਬਕਾ ਚੇਅਰਮੈਨ ਪ੍ਰਗਟ ਸਿੰਘ ਚੁਗਾਵਾਂ, ਪ੍ਰਿੰਸੀਪਲ ਗੁਰਸੇਵਕ ਸਿੰਘ, ਪਲਵਿੰਦਰ ਸਿੰਘ ਸਰਹਾਲਾ ਡਾਇਰੈਕਟਰ ਨੋਬਲਵੀਜਨ ਸਕੂਲ, ਪਰਮਜੀਤ ਸਿੰਘ ਦੁਬਈ, ਬਾਬਾ ਸੁਖਵੰਤ ਸਿੰਘ ਚੰਨਣਕੇ, ਅਮਰਪਾਲ ਸਿੰਘ ਪਾਲੀ ਉਦੋਕੇ, ਦਿਲਬਾਗ ਸਿੰਘ ਕਲੇਰ ਸਰਕਲ ਪ੍ਰਧਾਨ, ਗੁਲਵਿੰਦਰ ਸਿੰਘ ਉਦੋਕੇ, ਗੁਰਬੀਰ ਸਿੰਘ ਮੱਲ੍ਹੀ ਸਮੇਤ ਪੱਤਰਕਾਰ ਭਾਈਚਾਰਾ ਤੇ ਪੰਚ ਸਰਪੰਚ ਮੌਜ਼ੂਦ ਸਨ।

# ਖੱਬੇ ਰਾਜਪੂਤਾਂ ਵਿਖੇ ਫੁੱਲਾਂ ਦੀ ਵਰਖਾ ਨਾਲ ਨਗਰ ਕੀਰਤਨ ਦਾ ਨਿੱਘਾ ਸਵਾਗਤ

Desi Punjab YouTube www.desipunjab.in



ਬਾਬਾ ਸੁਖਵੰਤ ਸਿੰਘ ਚੰਨਣਕੇ-ਚੌਂਕ ਮਹਿਤਾ, 2 ਜਨਵਰੀ -ਦਮਦਮੀ ਟਕਸਾਲ ਦੇ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੀ ਰਹਿਨੁਮਾਈ ਹੇਠ ਟਕਸਾਲ ਦੇ ਹੈਂਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਤੋਂ ਸਜਾਏ ਗਏ ਮਹਾਨ ਨਗਰ ਕੀਰਤਨ ਦਾ ਪਿੰਡ ਖੱਬੇ ਰਾਜਪੂਤਾਂ ਵਿਖੇ ਪਹੁੰਚਣ ਤੇ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਨਿੱਘਾ ਸਵਾਗਤ ਕੀਤਾ ਗਿਆ।

ਇਸ ਦੌਰਾਨ ਸਾਬਕਾ ਸਰਪੰਚ ਮਨਦੀਪ ਸਿੰਘ ਸੋਨਾ ਤੇ ਸੰਤੋਖ ਸਿੰਘ ਯੂ.ਐੱਸ.ਏ., ਚੇਅਰਮੈਨ ਲਖਵਿੰਦਰ ਸਿੰਘ ਖਾਲਸਾ, ਗੁਰਦਿਆਲ ਸਿੰਘ ਬੱਲ, ਹਰਦੇਵ ਸਿੰਘ, ਗੁਰਅੰਮ੍ਰਿਤਪਾਲ ਸਿੰਘ, ਹਰਪਾਲ ਸਿੰਘ ਨੇ ਸਤਿਕਾਰ ਵੱਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਰੁਮਾਲਾ ਸਾਹਿਬ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਭੇਟ ਕੀਤਾ। ਨਗਰ ਦੀ ਸੰਗਤ ਨੇ ਪੂਰਨ ਸ਼ਰਧਾ ਨਾਲ ਦਰਸ਼ਨ ਦੀਦਾਰੇ ਕੀਤੇ ਅਤੇ ਸੰਗਤ ਦੇ ਛੱਕਣ ਲਈ ਲੰਗਰ ਲਗਾਏ ਗਏ।

ਇਥੇ ਮੌਜ਼ੂਦ ਜੱਥੇ. ਭਾਈ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ, ਭਾਈ ਜਤਿੰਦਰ ਸਿੰਘ ਯੂ.ਐੱਸ.ਏ. ਬੁਲਾਰਾ ਦਮਦਮੀ ਟਕਸਾਲ, ਜੱਥੇ. ਬਾਬਾ ਅਜੀਤ ਸਿੰਘ ਮੁੱਖੀ ਤਰਨਾਦਲ, ਜੱਥੇ. ਬਾਬਾ ਬੋਹੜ ਸਿੰਘ, ਹਰਸ਼ਦੀਪ ਸਿੰਘ ਰੰਧਾਵਾ ਤੇ ਡਾ.ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ਼ ਖਾਲਸਾ ਦੀਵਾਨ) ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਨਗਰ ਕੀਰਤਨ ਹਰ ਸਾਲ ਦਮਦਮੀ ਟਕਸਾਲ ਦੀ ਅਗਵਾਈ ਦੇ ਵਿੱਚ ਸਜ਼ਾਇਆ ਜਾਂਦਾ ਹੈ।

ਇਸ ਮੌਕੇ ਸਰਪੰਚ ਕਸ਼ਮੀਰ ਸਿੰਘ ਕਾਲਾ, ਪ੍ਰਧਾਨ ਜੁਗਰਾਜ ਸਿਘ ਜੋਗਾ, ਬਲਵਿੰਦਰ ਸਿੰਘ ਪ੍ਰਧਾਨ, ਕੁਲਵਿੰਦਰ ਸਿੰਘ ਕੇ. ਵੀ., ਸਰਪੰਚ ਬੀਬੀ ਪਰਮਜੀਤ ਕੌਰ, ਹਰਜੀਤ ਸਿੰਘ ਮਹਿਤੀਆ ਪੰਚ, ਮਾ. ਅਮਰਜੀਤ ਸਿੰਘ, ਬਾਪੂ ਸ਼ਿੰਗਾਰਾ ਸਿੰਘ, ਅਮਰੀਕ ਸਿੰਘ ਮਹਿਤੀਆ, ਹਰਦੀਪ ਸਿੰਘ ਲੰਗਰ ਕਮੇਟੀ, ਸਾਹਿਬ ਸਿੰਘ ਫ਼ੌਜੀ ਤੇ ਭੁਪਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

# ਜੈਂਟਸ ਕਲੱਬ ਦੇ ਨਵੇਂ ਬਣੇ ਪ੍ਰਧਾਨ ਵੱਲੋਂ ਪ੍ਰਧਾਨਗੀ ਦੀ ਸ਼ੁਰੂਆਤ ਗਊਸ਼ਾਲਾ ਵਿੱਚ ਗਊ ਮਾਤਾ ਦੀ ਪੂਜਾ ਤੇ ਸੇਵਾ ਕਰ ਕੀਤੀ

## ਗਊ ਮਾਤਾ ਦੀ ਸੇਵਾ ਸਬਤੋਂ ਉੱਤਮ ਸੇਵਾ ਹੈ:ਦਿਨੇਸ਼ ਮਹਿਤਾ

Desi Punjab YouTube www.desipunjab.in





ਰਾਜਪੁਰਾ,02 ਜਨਵਰੀ(ਹਿਮਾਂਸ਼ੂ ਹੈਰੀ):ਸਮਾਜ ਸੇਵਾ ਵਿੱਚ ਆਪਣਾ ਪ੍ਰਮੁੱਖ ਸਥਾਨ ਬਣਾਉਣ ਵਾਲੀ ਜੈਂਟਸ ਕਲੱਬ ਦੇ ਨਵੇਂ ਬਣੇ ਪ੍ਰਧਾਨ ਦਿਨੇਸ਼ ਮਹਿਤਾ ਵੱਲੋਂ ਅੱਜ ਆਪਣਾ ਕਾਰਜ ਕਾਲ ਸੰਭਾਲਦੇ ਹੋਏ ਸਭ ਤੋਂ ਪਹਿਲਾਂ ਰਾਜਪੁਰਾ ਦੀ ਗਊਸ਼ਾਲਾ ਵਿੱਚ ਗਊ ਮਾਤਾ ਦੀ ਪੂਜਾ ਅਰਚਨਾ ਕਰ ਤੇ ਸੇਵਾ ਕਰ ਕੀਤੀ ਗਈ ਤੇ ਆਪਣੇ ਨਵੇਂ ਸਾਲ ਦੀ ਅਤੇ ਪ੍ਰਧਾਨਗੀ ਦੀ ਪਾਰੀ ਦੀ ਸ਼ੁਰੂਆਤ ਕੀਤੀ ਇਸ ਮੌਕੇ ਤੇ ਉਹਨਾਂ ਨੇ ਗੱਲਬਾਤ ਕਰਦੇ ਹੋਏ ਪੱਤਰਕਾਰਾਂ ਨੂੰ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਜੈਂਟਸ ਕਲੱਬ ਵੱਲੋਂ ਵੱਡੇ ਪ੍ਰੋਜੈਕਟ ਲਿਆਏ ਜਾਣਗੇ ਤੇ ਨਾਲ ਨਾਲ ਰਾਜਪੁਰਾ ਦੇ ਲੋਕਾਂ ਦੀ ਸੇਵਾ ਕੀਤੀ ਜਾਏਗੀ ਤੇ ਜੋ ਵੀ ਜਰੂਰਤਮੰਦ ਹੈ ਉਹਨਾਂ ਨੂੰ ਵੀ ਸਮੇਂ-ਸਮੇਂ ਤੇ ਗਰਮੀ ਅਤੇ ਸਰਦੀਆਂ ਦੇ ਕੱਪੜਿਆਂ ਸਮੇਤ ਹੋਰ ਵੀ ਕਈ ਕਮਾ ਦੇ ਆਧਾਰ ਤੇ ਜਰੂਰਤਾਂ ਪੂਰੀਆਂ ਕੀਤੀ ਜਾਣਗੀਆ ਉਹਨਾਂ ਨੇ ਅੱਗੇ ਜਾਣਕਾਰੀ ਦਿੰਦੇ ਦੱਸਿਆ ਕਿ ਕਲੱਬ ਵਿੱਚ ਖੁੱਲੇ ਹੋਏ ਬੈਡਮਿੰਟਨ ਕੋਰਟ ਅਤੇ ਜਿਮ ਵਿੱਚ ਆ ਕੇ ਕੋਈ ਕਸਰਤ ਕਰਨਾ ਚਾਹੁੰਦਾ ਤਾਂ ਉਹਨਾਂ ਲਈ ਇੱਕ ਨਿਰਧਾਰਿਤ ਫੀਸ ਦੇ ਕੇ ਉਹ ਉੱਥੇ ਜਿਮ ਦਾ ਪ੍ਰਯੋਗ ਕਰ ਸਕਦਾ ਹੈ ਉਹਨਾਂ ਨੇ ਰਾਜਪੁਰਾ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੰਦੇ ਹੋਏ ਵੱਧ ਚੜ ਕੇ ਸਮਾਜਿਕ ਕੰਮਾਂ ਵਿੱਚ ਆਪਣਾ ਹਿੱਸਾ ਅਤੇ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਤੇ ਉਹਨਾਂ ਦੇ ਨਾਲ ਮੁਕੇਸ਼ ਵਰਮਾ ਅਸ਼ਵਨੀ ਵਰਮਾ ਉਹਨਾਂ ਨੇ ਰਾਜਪੁਰਾ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੰਦੇ ਹੋਏ ਵੱਧ ਚੜ ਕੇ ਸਮਾਜਿਕ ਕੰਮਾਂ ਵਿੱਚ ਆਪਣਾ ਹਿੱਸਾ ਅਤੇ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ ਇਸ ਮੌਕੇ ਤੇ ਉਹਨਾਂ ਦੇ ਨਾਲ ਮੁਕੇਸ਼ ਵਰਮਾ ਅਸ਼ਵਨੀ ਵਰਮਾ ਮਨੋਜ ਕੁਮਾਰ ਅਤੇ ਕਲੱਬ ਦੇ ਹੋਰ ਮੈਂਬਰ ਸਾਹਿਬਾਨ ਮੌਜੂਦ ਰਹੇ।

# -ਸਫ਼ਾਈ ਸੇਵਕਾਂ ਦੀ ਕੀਤੀ ਸ਼ਲਾਘਾ, ਕਿਹਾ, ਇਨ੍ਹਾਂ ਦੀ ਬਦੌਲਤ ਮਾਤਾ ਕੌਸ਼ੱਲਿਆ ਹਸਪਤਾਲ ਰਾਜ ਦਾ ਬਿਹਤਰ ਹਸਪਤਾਲ ਬਣਿਆ

Desi Punjab YouTube www.desipunjab.in



ਪਟਿਆਲਾ, 2 ਜਨਵਰੀ:- ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਐਲਾਨ ਕੀਤਾ ਹੈ ਕਿ ਸਰਕਾਰੀ ਹਸਪਤਾਲਾਂ 'ਚ ਕੰਮ ਕਰਦੇ ਤੇ ਹੋਰ ਤਰੱਕੀ ਕਰਨ ਦੇ ਚਾਹਵਾਨ ਸਫ਼ਾਈ ਸੇਵਕਾਂ ਤੇ ਦਰਜਾ ਚਾਰ ਕਰਮਚਾਰੀਆਂ ਨੂੰ ਪੜ੍ਹਾਈ ਕਰਨ ਦੇ ਮੌਕੇ ਪ੍ਰਦਾਨ ਕਰਕੇ ਜਿੰਦਗੀ 'ਚ ਹੋਰ ਅੱਗੇ ਵਧਣ ਲਈ ਰਾਹ ਦਸੇਰਾ ਬਣਿਆ ਜਾਵੇਗਾ।

ਸੂਬੇ ਦੇ ਮੈਡੀਕਲ ਸਿੱਖਿਆ ਤੇ ਖੋਜ ਅਤੇ ਸਿਹਤ ਮੰਤਰੀ ਨੇ ਅੱਜ ਨਵੇਂ ਸਾਲ 2025 ਦੀ ਆਮਦ ਦਾ ਦੂਜਾ ਦਿਨ ਵੀ ਸਰਕਾਰੀ ਹਸਪਤਾਲ ਦੇ ਦਰਜਾ ਚਾਰ ਕਰਮਚਾਰੀਆਂ ਤੇ ਸਫ਼ਾਈ ਸੇਵਕਾਂ ਦੇ ਨਾਮ ਕਰਦਿਆਂ ਮਾਤਾ ਕੌਸ਼ੱਲਿਆ ਸਰਕਾਰੀ ਹਸਪਤਾਲ ਦੇ ਸਫ਼ਾਈ ਸੇਵਕਾਂ ਤੇ ਦਰਚਾ ਚਾਰ ਕਰਮਚਾਰੀਆਂ ਨੂੰ ਆਪਣੇ ਹੱਥਾਂ ਨਾਲ ਖਾਣਾ ਵਰਤਾਇਆ ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ। ਉਨ੍ਹਾਂ ਨੇ ਨਵੇਂ ਸਾਲ 1 ਜਨਵਰੀ ਵਾਲੇ ਦਿਨ ਵੀ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਸਫ਼ਾਈ ਸੇਵਕਾਂ ਨੂੰ ਖ਼ੁਦ ਖਾਣਾ ਵਰਤਾਕੇ ਖੁਸ਼ੀ ਸਾਂਝੀ ਕੀਤੀ ਸੀ।

ਡਾ. ਬਲਬੀਰ ਸਿੰਘ ਨੇ ਸਫਾਈ ਸੇਵਕਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਹੇਠ ਪੰਜਾਬ ਸਿਹਤ ਖੇਤਰ ਵਿਚ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਵਾਲਾ ਦੇਸ਼ ਦਾ ਅਹਿਮ ਰਾਜ ਬਣ ਗਿਆ ਹੈ, ਜਿਸ ਲਈ ਡਾਕਟਰਾਂ ਸਮੇਤ ਨਰਸਿੰਗ ਸਟਾਫ਼ ਤੇ ਸਫ਼ਾਈ ਸੇਵਕਾਂ ਅਤੇ ਦਰਜਾ ਚਾਰ ਕਰਮਚਾਰੀਆਂ ਦੀ ਅਹਿਮ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਮਾਤਾ ਕੌਸ਼ੱਲਿਆ ਹਸਪਤਾਲ ਸੂਬੇ ਦਾ ਬਿਹਤਰ ਹਸਪਤਾਲ ਵੀ ਸਫ਼ਾਈ ਸੇਵਕਾਂ ਦੀ ਬਦੌਲਤ ਹੀ ਬਣਿਆ ਹੈ।

ਡਾ. ਬਲਬੀਰ ਸਿੰਘ ਨੇ ਸਫ਼ਾਈ ਸੇਵਕਾਂ ਦੀ ਪਿੱਠ ਥਾਪੜਦਿਆਂ ਆਖਿਆ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਉਨ੍ਹਾਂ ਨੂੰ ਜਿੰਦਗੀ ਵਿੱਚ ਹੋਰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਸਿਹਤ ਮੰਤਰੀ ਨੇ ਦੱਸਿਆ ਕਿ ਜਿਹੜੇ ਸਫ਼ਾਈ ਸੇਵਕ ਤੇ ਦਰਜਾ ਚਾਰ ਕਰਮਚਾਰੀ ਦਸਵੀਂ ਜਾਂ ਬਾਰਵੀਂ ਜਮਾਤ ਪਾਸ ਹਨ ਅਤੇ ਅੱਗੇ ਪੜ੍ਹਨ ਦੀ ਇੱਛਾ ਰੱਖਦੇ ਹਨ, ਉਨ੍ਹਾਂ ਨੂੰ ਨਰਸਿੰਗ ਸਹਾਇਕ, ਓਟੀ ਸਹਾਇਕ ਜਾਂ ਪੈਰਮੈਡਿਕ ਦਾ ਕੋਰਸ ਕਰਵਾ ਕੇ ਤਰੱਕੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਇਨ੍ਹਾਂ ਵਿੱਚ ਵੀ ਹੋਰ ਜਿਆਦਾ ਕੰਮ ਕਰਨ ਦਾ ਉਤਸ਼ਾਹ ਪੈਦਾ ਹੋਣ ਦੇ ਨਾਲ-ਨਾਲ ਇਨ੍ਹਾਂ ਵਿੱਚ ਹਾਂ ਪੱਖੀ ਵਾਤਾਵਰਣ ਸਿਰਜਿਆ ਜਾ ਰਿਹਾ ਹੈ। ਇਸ ਮੌਕੇ ਐਮ.ਕੇ.ਐਚ. ਦੇ ਮੈਡੀਕਲ ਸੁਪਰਡੈਂਟ ਡਾ. ਜਗਪਾਲਇੰਦਰ ਸਿੰਘ, ਵੇਦ ਕਪੂਰ, ਬਲਵਿੰਦਰ ਸੈਣੀ, ਡਾ. ਵਿਕਾਸ ਗੋਇਲ ਅਤੇ ਹੋਰ ਮੌਜੂਦ ਸਨ।

# ਪੀ.ਸੀ.ਪੀ.ਐਨ.ਡੀ.ਟੀ. ਐਕਟ ਨੂੰ ਜ਼ਿਲ੍ਹੇ 'ਚ ਸੁਚਾਰੂ ਢੰਗ ਨਾਲ ਲਾਗੂ ਕੀਤਾ ਜਾਵੇ- ਸਿਵਲ ਸਰਜਨ ਡਾ. ਰਾਏ/ ਸਿਵਲ ਸਰਜਨ ਨੇ ਸਿਹਤ ਅਧਿਕਾਰੀਆਂ ਨਾਲ ਕੀਤੀ ਅਹਿਮ ਮੀਟਿੰਗ

Desi Punjab YouTube www.desipunjab.in



ਮਾਨਸਾ, 02 ਜਨਵਰੀ:- (ਗੁਰਪ੍ਰੀਤ ਧਾਲੀਵਾਲ) -ਸਿਵਲ ਸਰਜਨ ਡਾ.ਰਣਜੀਤ ਸਿੰਘ ਰਾਏ ਵੱਲੋਂ ਅੱਜ ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫ਼ਸਰਾਂ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਉਨ੍ਹਾਂ ਸਮੁੱਚੇ ਸਿਹਤ ਪ੍ਰੋਗਰਾਮਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕੀਤੀ ਗਈ। ਡਾ. ਰਾਏ ਨੇ ਜ਼ਿਲ੍ਹੇ ਅੰਦਰ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਮੁਲਾਂਕਣ ਕਰਦਿਆਂ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੂੰ ਆਪਣੀ ਅਤੇ ਆਪਣੇ ਅਧੀਨ ਆਉਂਦੀਆਂ ਸਿਹਤ ਸੰਸਥਾਵਾਂ ਦੇ ਨਾਲ-ਨਾਲ ਹੀ ਜ਼ਿਲ੍ਹੇ ਵਿੱਚ ਪੀ.ਸੀ.ਪੀ.ਐਨ.ਡੀ.ਟੀ. ਐਕਟ ਨੂੰ ਸਚਾਰੂ ਢੰਗ ਨਾਲ ਲਾਗੂ ਕਰਨ ਦੀ ਹਦਾਇਤ ਕੀਤੀ।

ਉਨ੍ਹਾਂ ਕਿਹਾ ਕਿ ਕੋਈ ਵੀ ਗਰਭਵਤੀ ਮਾਂ ਤੇ ਬੱਚਾ ਟੀਕਾਕਰਨ ਤੋਂ ਵਾਂਝਾ ਨਾ ਰਹੇ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਕੇ ਸਿਹਤ ਪ੍ਰੋਗਰਾਮਾਂ ਲੋਕਾਂ ਤੱਕ ਪਹੁੰਚਾਏ ਜਾਣ। ਉਨ੍ਹਾਂ ਕਿਹਾ ਕਿ ਸਿਹਤ ਸੰਸਥਾਵਾਂ ਦੀ ਸਾਫ਼-ਸਫ਼ਾਈ ਵੱਲ ਖ਼ਾਸ ਧਿਆਨ ਦਿੱਤਾ ਜਾਵੇ। ਇਸ ਤੋਂ ਇਲਾਵਾ ਜੱਚਾ-ਬੱਚਾ ਦੀ ਸਿਹਤ ਸੰਭਾਲ ਲਈ ਸੰਸਥਾਗਤ ਜਣੇਪਿਆਂ ਵਿੱਚ ਵਾਧਾ ਕਰਨ, ਹਾਈ ਰਿਸਕ ਗਰਭਵਤੀ ਔਰਤਾਂ ਦੀ ਫੌਲੋਅੱਪ ਐਮ.ਡੀ. ਮੈਡੀਸਨ ਅਤੇ ਔਰਤ ਰੋਗਾਂ ਦੇ ਮਾਹਿਰ ਡਾਕਟਰ ਤੋਂ ਸਮੇਂ ਸਿਰ ਕਰਨਾ ਯਕੀਨੀ ਬਣਾਉਣ, ਹਾਈ ਰਿਸਕ ਮਾਂ ਨੂੰ ਏ.ਐਨ. ਐਮ.,ਐਲ. ਐਚ.ਵੀ.ਅਤੇ ਗਈਨਾਕੋਲੋਜਿਸਟ ਵੱਲੋਂ ਫੋਨ ਕਰਕੇ ਸਮੇਂ-ਸਮੇਂ 'ਤੇ ਉਸ ਨੂੰ ਉਸ ਦੀ ਸਿਹਤ ਪ੍ਰਤੀ ਜਾਇਜਾ ਲੈਣ, ਬੱਚਿਆਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਸੰਪੂਰਨ ਟੀਕਾਕਰਨ ਕਰਨਾ, ਬਾਇਓ ਮੈਡੀਕਲ ਵੇਸਟੇਜ ਦਾ ਸਹੀ ਪ੍ਰਬੰਧ ਕਰਨ, ਯੂ.ਡੀ.ਆਈ ਕਾਰਡ ਬਣਾਏ ਜਾਣ ਅਤੇ ਕੋਟਪਾ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕਰਨ ਉਪਰੰਤ ਨਿਮਨ ਹਸਤਾਖਰ ਨੂੰ ਜਾਣੂ ਕਰਵਾਇਆ ਜਾਵੇ ਤਾਂ ਕਿ ਹੋਰ ਤੇਜ਼ੀ ਲਿਆਉਣ ਦੇ ਯਤਨ ਕੀਤੇ ਜਾ ਸਕਣ।

ਉਨ੍ਹਾਂ ਸਬੰਧਤ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮੂਹ ਸਿਹਤ ਕੇਂਦਰਾਂ ਵਿੱਚ ਸਟਾਫ਼ ਦੀ ਹਾਜ਼ਰੀ ਚੈੱਕ ਕਰਨ ਅਤੇ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲੈਣ ਲਈ ਸੰਸਥਾਵਾਂ ਦਾ ਸਮੇਂ ਸਮੇਂ ਨਿਰੀਖਣ ਕੀਤਾ ਜਾਵੇ।

ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਰਵਿੰਦਰ ਕੁਮਾਰ ਸਿੰਗਲਾ, ਜਿਲਾ ਟੀਕਾਕਰਨ ਅਫਸਰ ਡਾ. ਕੰਵਲਪ੍ਰੀਤ ਕੌਰ ਬਰਾੜ, ਡਾ. ਵਿਜੇ ਜਿੰਦਲ ਸੀਨੀਅਰ ਮੈਡੀਕਲ ਅਫ਼ਸਰ ਝੁਨੀਰ, ਡਾ. ਰੁਪਿੰਦਰ ਕੌਰ, ਡਾ. ਨੇਹਾ, ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਵਿਜੈ ਕੁਮਾਰ ਜੈਨ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਅਵਤਾਰ ਸਿੰਘ, ਉਪ ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਦਰਸ਼ਨ ਸਿੰਘ ਤੋਂ ਇਲਾਵਾ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ

# ਨੌਜਵਾਨ ਵੈਲਫੇਅਰ ਸੁਸਾਇਟੀ ਨੇ ਸੜਕ ਹਾਦਸਿਆ ਨੂੰ ਰੋਕਣ ਲਈ ਲਗਾਏ ਗਏ ਰੀਫਲੈਕਟਰ

Desi Punjab YouTube www.desipunjab.in



ਜੈਤੋ ,2 ਜਨਵਰੀ (ਰਘੂਨੰਦਨ ਪਰਾਸ਼ਰ ): ਇਲਾਕੇ ਦੀ ਪ੍ਰਸਿੱਧ ਮਾਨਵਤਾ ਅਤੇ ਜੀਵ ਜੰਤੂ ਦੀ 24 ਘੰਟੇ ਨਿਸ਼ਕਾਮ ਸੇਵਾ ਕਰਨ ਵਾਲੀ ਸੰਸਥਾ ਨੌਜਵਾਨ ਵੈਲਫੇਅਰ ਸੁਸਾਇਟੀ ਇਕਾਈ ਜੈਤੋ ਜੋਕਿ ਪਿਛਲੇ ਲੰਬੇ ਸਮੇਂ ਤੋਂ ਆਪਣੀ ਸੇਵਾਵਾਂ ਦੇ ਰਹੀ ਹੈ। ਉਨ੍ਹਾਂ ਦੀ ਟੀਮ ਵਲੋ ਅੱਜ ਕੱਲ ਪੈ ਰਹੀ ਭਾਰੀ ਧੁੰਦ ਕਾਰਨ ਹੋਣ ਵਾਲੇ ਹਾਦਸਿਆਂ ਨੂੰ ਰੋਕਣ ਲਈ ਵਾਹਨਾਂ ਤੇ ਰੀਫੇਲਕਟਰ ਲਗਾਏ ਗਏ l ਇਸ ਮੌਕੇ ਮੌਜੂਦਾ ਮੈਂਬਰਾਂ ਨਾਲ ਗਲਬਾਤ ਕਰਨ ਤੇ ਉਨ੍ਹਾਂ ਦਸਿਆ ਕਿ ਅੱਜ ਕੱਲ ਪੈ ਰਹੀ ਭਾਰੀ ਧੁੰਧ ਵਿਚ ਵਾਹਨਾਂ ਦਾ ਆਪਸ ਵਿੱਚ ਟਕਰਾਉਣ ਦਾ ਕਾਰਨ ਇਕ ਦੂਜੇ ਦੀ ਦੂਰੀ ਦਾ ਨਾ ਪਤਾ ਲੱਗਣਾ ਹੈ ਜਿਸ ਨੂੰ ਸਿਰਫ ਰਿਫਲੈਕਟਰ ਲਗਾਕੇ ਹੀ ਰੋਕਿਆ ਜਾ ਸਕਦਾ ਹੈ।ਇਸ ਮੌਕੇ ਜੈਤੋ ਨਗਰ ਕੌਂਸਲ ਤੋਂ ਪ੍ਰਧਾਨ ਡਾ. ਹਰੀਸ਼ ਚੰਦਰ ਗੋਇਲ , ਸੀਨੀਅਰ ਮੀਤ ਪ੍ਰਧਾਨ ਨਰਿੰਦਰ ਰਾਮੇਆਣਾ , ਮੀਤ ਪ੍ਰਧਾਨ ਡਾ. ਬਲਵਿੰਦਰ ,ਜੀਤੂ ਬਾਂਸਲ, ਸੋਨੂੰ ਸ਼ਰਮਾ, ਸੁਖਜੀਤ ਰੋਮਾਣਾ, ਟ੍ਰੈਫਿਕ ਇੰਚਾਰਜ ਬਲਰਾਜ ਸਿੰਘ, ਭੋਲਾ ਸ਼ਰਮਾ , ਨੌਜਵਾਨ ਵੈਲਫੇਅਰ ਸੁਸਾਇਟੀ ਇਕਾਈ ਜੈਤੋ ਦੇ ਪ੍ਰਧਾਨ ਸ਼ੇਖਰ ਸ਼ਰਮਾ, ਚੇਅਰਮੈਨ ਮਨੂੰ ਗੋਇਲ,ਪੀ.ਆਰ.ਓ. ਰਾਹੁਲ ਬਾਂਸਲ , ਨਵਨੀਤ ਗੋਇਲ ਕੈਸ਼ੀਅਰ, ਮਨੀਸ਼ ਸ਼ਰਮਾ, ਸ਼ੈਂਕੀ ਗਰਗ, ਸੈਕਟਰੀ ਕੁਲਦੀਪ ਸ਼ਰਮਾ,ਨਿਤਿਨ ਸ਼ਰਮਾ, ਮਰਜਾਣਾ ਬਾਦਲ, ਮਾਨਵ ਪਟਵਾਰੀ, ਹੰਨੀ ਮਿੱਤਲ, ਪ੍ਰਿੰਸਸੈਨ, ਵਲੰਟੀਅਰ ਗੁਰਜੀਤ ਸਿੰਘ ਆਦਿ ਹੋਰ ਪਤਵੰਤੇ ਸੱਜਣ ਹਾਜਰ ਸਨ।

# ਲੱਭਿਆ ਮੋਬਾਇਲ ਮਾਲਕ ਨੂੰ ਵਾਪਿਸ ਕਰਕੇ ਕਾਇਮ ਕੀਤੀ ਇਮਾਨਦਾਰੀ ਮਿਸਾਲ

Desi Punjab YouTube www.desipunjab.in



ਗਿੱਦੜਬਾਹਾ/ਨਰਿੰਦਰ ਵਧਵਾ/ਰਸਤੇ ਵਿੱਚੋਂ ਲੱਭਿਆ ਮੋਬਾਈਲ ਵਾਪਿਸ ਕਰਕੇ ਸ਼ਹਿਰ ਵਾਸੀ ਇੱਕ ਵਿਅਕਤੀ ਵੱਲੋਂ ਇਮਾਨਦਾਰੀ ਦੀ ਮਿਸਾਲ ਕਾਇਮ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਸਥਾਨਕ ਸ਼ਹਿਰ ਦੇ ਸਰਵਣ ਕੁਮਾਰ ਦਾ ਮੋਬਾਈਲ ਅੱਜ ਸਵੇਰੇ ਪੁਰਾਣੀ ਦਾਣਾ ਮੰਡੀ ਰੋਡ ਤੇ ਡਿੱਗ ਗਿਆ ਸੀ, ਜੋਂ ਸ਼ਹਿਰ ਦੇ ਵਸਨੀਕ ਅਮਨ ਪੁੱਤਰ ਜਗਦੀਸ਼ ਲਾਲ ਨੂੰ ਮਿਲ ਗਿਆ। ਅਮਨ ਵੱਲੋਂ ਮੋਬਾਈਲ ਦੀਆਂ ਫੋਟੋਆਂ ਤੋਂ ਪੜਤਾਲ ਕਰਕੇ ਮੁਬਾਈਲ ਦੇ ਮਾਲਕ ਸਰਵਣ ਕੁਮਾਰ ਨੂੰ ਸਥਾਨਕ ਕੱਪੜਾ ਯੂਨੀਅਨ ਦੇ ਪ੍ਰਧਾਨ ਭਗਵਾਨ ਦਾਸ ਆਹੂਜਾ ਦੀ ਹਾਜ਼ਰੀ ਚ ਵਾਪਿਸ ਕਰਕੇ ਇਮਾਨਦਾਰੀ ਦੀ ਮਿਸਾਲ ਕਾਇਮ ਕੀਤੀ ਹੈ। ਇਸ ਮੌਕੇ ਸਰਵਣ ਕੁਮਾਰ ਨੇ ਅਮਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਕੱਲ੍ਹ ਜਿੱਥੇ ਲੋਕ ਕਿਸੇ ਦਾ ਇਕ ਰੁਪਈਆ ਡਿੱਗਿਆ ਵੀ ਵਾਪਸ ਨਹੀਂ ਕਰਦੇ ਪਰ ਅਮਨ ਵੱਲੋਂ ਉਸ ਦਾ ਮੋਬਾਈਲ ਵਾਪਸ ਕਰਕੇ ਇਮਾਨਦਾਰੀ ਦਿਖਾਈ ਹੈਂ। ਜਿਸ ਲਈ ਉਹ ਉਨ੍ਹਾਂ ਦਾ ਤਹਿਦਿਲੋਂ ਧੰਨਵਾਦ ਕਰਦੇ ਹਨ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਬਟਾਲਾ ਵਲੋ ਸ਼ਹੀਦਾਂ ਦੀ ਯਾਦ ਵਿੱਚ 8 ਰੌਜਾ ਲਗਾਇਆ ਗੁਰਮਿਤ ਕੈਂਪ

Desi Punjab YouTube www.desipunjab.in



ਬਟਾਲਾ 02 ਜਨਵਰੀ (ਬਲਦੇਵ ਸਿੰਘ ਖਾਲਸਾ/ਸੁਨੀਲ ਕੁਮਾਰ ਬਟਾਲਵੀ)ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਬਟਾਲਾ ਵਲੋ ਸ੍ਰੀ ਆਨੰਦਪੁਰ ਸਾਹਿਬ,ਸ੍ਰੀ ਫਤਹਿਗੜ੍ਹ ਸਾਹਿਬ ਅਤੇ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ 8 ਰੌਜਾ ਗੁਰਮਿਤ ਕੈਂਪ ਮਿਤੀ 24 ਦਸੰਬਰ ਤੇ 31 ਦਸੰਬਰ ਤੱਕ ਹੇਮਕੁੰਟ ਮਾਡਰਨ ਸਕੂਲ ਬਟਾਲਾ ਵਿਖੇ ਲਗਾਇਆ ਗਿਆ ਇਸ ਕੈਂਪ ਦੀ ਰੂਪ ਰੇਖਾ ਭਾਈ ਗੁਰਦਰਸ਼ਨ ਸਿੰਘ ਸਰਪ੍ਰਸਤ ਮਹਾਰਾਜਾ ਫਾਊਂਡੇਸ਼ਨ, ਮਾਸਟਰ ਗੁਰਮੀਤ ਸਿੰਘ, ਭਾਈ ਰਣਧੀਰ ਸਿੰਘ ਜੀ, ਭਾਈ ਉਕਾਰ ਸਿੰਘ ਜੀ, ਭਾਈ ਭੁਪਿੰਦਰ ਸਿੰਘ ਪ੍ਰਿੰਸ ਤੇ ਪ੍ਰਿੰਸੀਪਲ ਹੇਮਕੁੰਟ ਮਾਡਰਨ ਸਕੂਲ ਸ ਹਰਸਿਮਰਤ ਸਿੰਘ ਜੀ ਨੇ ਕੀਤੀ

ਇਸ ਕੈਂਪ ਦੀ ਅਰੰਭਤਾ ਅਰਦਾਸ ਕਰਨ ਉਪਰੰਤ ਕੀਤੀ ਗਈ ਕੈਂਪ ਦੌਰਾਨ ਗਿਆਨੀ ਹੀਰਾ ਸਿੰਘ ਜੀ ਨੇ ਸ਼ਹਾਦਤਾਂ ਤੋਂ ਬਾਦ ਕੌਮ ਨੂੰ ਪ੍ਰਾਪਤੀ ਬਾਰੇ ਦੱਸਿਆ, ਪ੍ਰਿੰਸੀਪਲ ਦਲਬੀਰ ਸਿੰਘ ਜੀ ਵਲੋ ਅੰਗਰੇਜੀ ਨੂੰ ਸੌਖੇ ਤਰੀਕੇ ਨਾਲ ਬੋਲਣਾ ਸਿਖਾਇਆ ਗਿਆ ਸ ਗੁਰਦਰਸ਼ਨ ਸਿੰਘ ਖਾਲਸਾ ਵਲੋ ਜਿੰਦਗੀ ਦੀ ਤਬਦੀਲੀ ਗੁਰਬਾਣੀ ਤੇ ਅਧਾਰਿਤ ਵਿਸ਼ੇ ਬੋਲਿਆ ਗਿਆ ਮਾਸਟਰ ਗੁਰਮੀਤ ਸਿੰਘ ਜੀ ਵਲੋ ਜੀਵਨ ਵਿੱਚ ਕਾਮਯਾਬ ਕਿਵੇਂ ਹੋਈਏ ਵਿਸ਼ੇ ਬੋਲਿਆ ਗਿਆ, ਲੈਕਚਰਾਰ ਰਣਧੀਰ ਸਿੰਘ ਜੀ ਨੇ ਗਣਿਤ ਨੂੰ ਸੌਖਿਆ ਕਿਵੇਂ ਹੱਲ ਕੀਤਾ ਜਾ ਸਕਦਾ ਹੈ ਸਬੰਧੀ ਸੂਤਰ ਸਮਝਾਏ,ਭਾਈ ਹਰਬਖਸ਼ ਸਿੰਘ ਜੀ ਨੇ ਮੋਬਾਇਲ ਦੀ ਸਹੀ ਵਰਤੋਂ ਬਾਰੇ ਦੱਸਿਆ, ਭਾਈ ਹਰਜਿੰਦਰ ਸਿੰਘ ਰਜਾਦਾ ਜੀ ਨੇ AI ਤਕਨੀਕ ਸੰਬੰਧੀ ਵਿਚਾਰ ਸਾਂਝੇ ਕੀਤੇ, ਭਾਈ ਰਜਿੰਦਰ ਸਿੰਘ ਗੁਰਦਾਸਪੁਰ ਜੀ ਨੇ ਕੈਰੀਅਰ ਗਾਈਡੈਂਸ ਦਿੱਤੀ,

ਇਸ ਮੌਕੇ ਪੰਜਾਬੀ ਮੁਹਾਰਨੀ ਤੇ ਗੁਰਬਾਣੀ ਸੰਥਿਆ ਵੀ ਕਰਵਾਈ ਗਈ ਹਰ ਰੋਜ ਦੁੱਧ ਤੇ ਹੋਰ ਪਦਾਰਥਾ ਦੀ ਸੇਵਾ ਵੱਖ-ਵੱਖ ਜਥੇਬੰਦੀਆ ਤੇ ਦਾਨੀ ਸੱਜਣਾ ਵਲੋ ਕੀਤੀਆ ਗਈਆਜਿਨਾ ਚ ਗੁਰੂ ਕਲਗੀਧਰ ਸੇਵਕ ਜਥਾ, ਸੇਵਾ ਗੁਰੂ ਨਾਨਕ ਨਿਸਕਾਮ ਸੇਵਾ ਸੁਸਾਇਟੀ ,ਭਾਈ ਲਖਵਿੰਦਰ ਸਿੰਘ ਜੀ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ ਅਤੇ ਬਲਵਿੰਦਰ ਸਿੰਘ ਜੀ, ਸ .ਮਨਜੀਤ ਸਿੰਘ ਬਮਰਾਹ ਜੀ , ਸੁਰਜੀਤ ਸਿੰਘ ਜੇ ਈ ਜੀ, ਭਾਈ ਬਰਜਿੰਦਰ ਸਿੰਘ ਕਿੱਟੂ ਜੀ ਗੁਰਮਤਿ ਕੈਂਪ ਦੇ ਅੱਠਵੇ ਤੇ ਅਖੀਰੀ ਦਿਨ ਪੰਥ ਦੀ ਧੀ ਬੀਬੀ ਸਤਵੰ ਤ ਕੌਰ ਜੀ ਨੇ ਵਿਦਿਆਰਥੀਆਂ ਨੂੰ ਇਨਾਮ ਵੰਡ ਕੇ ਸਨਮਾਨਿਤ ਕੀਤਾ,ਕੌਫੀ ਪਕੌੜਿਆਂ ਦੇ ਲੰਗਰ ਹੇਮਕੁੰਟ ਮਾਡਰਨ ਸਕੂਲ ਵੱਲੋਂ ਛਕਾਏ ਗਏ,ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਡੇਸ਼ਨ ਦੀ ਸਮੁੱਚੀ ਟੀਮ ਤੇ ਸਹਿਯੋਗੀ ਯੁੱਧਵੀਰ ਸਿੰਘ ਮਾਲਟੂ, ਗੁਰਪ੍ਰੀਤ ਸਿੰਘ ਲਾਡੀ,ਅਡਵਵੋਕੇਟ ਮਨਜੀਤ ਸਿੰਘ, ਦਲਜਿੰਦਰ ਸਿੰਘ ਨੂਰ ਸਟੂਡੀਓ, ਰਜਿੰਦਰ ਸਿੰਘ ਮੁੱਡ ਹਰਬਕਸ਼ ਸਿੰਘ ਸਿਵਲ ਡਿਫੈਂਸ, ਪ੍ਰੋਫੈਸਰ ਜਸਬੀਰ ਸਿੰਘ,ਹਰਜੀਤ ਸਿੰਘ,ਮਨਜੀਤ ਸਿੰਘ, ਹਰਵਿੰਦਰ ਸਿੰਘ, ਸੁਖਦੇਵ ਸਿੰਘ, ਭਗਵੰਤ ਸਿੰਘ, ਬਰਜਿੰਦਰ ਸਿੰਘ ਕਿੱਟੂ,ਜਗਬੀਰ ਸਿੰਘ ਗਿਆਨੀ ਦਵਿੰਦਰ ਸਿੰਘ ਜਗਜੀਤ ਸਿੰਘ ਸਤਕੋਹਾ ਭੁਪਿੰਦਰ ਸਿੰਘ ਪ੍ਰਿੰਸ ਆਦਿ ਹਾਜਰ ਰਹੇ

# ਬੀਕੇਯੂ-ਏਕਤਾ ਡਕੌਂਦਾ ਵੱਲੋਂ ਕਿਸਾਨ-ਮਹਾਪੰਚਾਇਤਾਂ 'ਚ ਸ਼ਮੂਲੀਅਤ ਲਈ ਵੱਖ-ਵੱਖ ਜ਼ਿਲ੍ਹਿਆਂ 'ਚ ਮੀਟਿੰਗਾਂ

## ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ 4 ਨੂੰ ਟੋਹਾਣਾ ਅਤੇ 9 ਜਨਵਰੀ ਨੂੰ ਮੋਗਾ ਵਿਖੇ ਹੋਣਗੀਆਂ ਕਿਸਾਨ-ਮਹਾਪੰਚਾਇਤਾਂ

Desi Punjab YouTube www.desipunjab.in



ਦਲਜੀਤ ਕੌਰ -ਚੰਡੀਗੜ੍ਹ, 2 ਜਨਵਰੀ, 2025 : ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਸੰਯੁਕਤ ਕਿਸਾਨ ਮੋਰਚੇ ਵੱਲੋਂ 4 ਜਨਵਰੀ ਨੂੰ ਟੌਹਾਣਾ (ਹਰਿਆਣਾ) ਅਤੇ 9 ਜਨਵਰੀ ਨੂੰ ਮੋਗਾ ਵਿਖੇ ਹੋਣ ਵਾਲੀਆਂ ਕਿਸਾਨ-ਮਹਾਪੰਚਾਇਤਾਂ ਲਈ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਜਥੇਬੰਦੀ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਅਤੇ ਜਨਰਲ ਸਕੱਤਰ ਹਰਨੇਕ ਸਿੰਘ ਨੇ ਦੱਸਿਆ ਕਿ ਇਸ ਮੰਤਵ ਲਈ ਸੰਗਰੂਰ, ਬਰਨਾਲਾ, ਮੋਗਾ, ਫਰੀਦਕੋਟ, ਫਾਜ਼ਿਲਕਾ, ਮੁਹਾਲੀ, ਮਾਨਸਾ, ਲੁਧਿਆਣਾ, ਫਿਰੋਜ਼ਪੁਰ ਸਮੇਤ ਵੱਖ-ਵੱਖ ਜ਼ਿਲ੍ਹਿਆਂ 'ਚ ਲਾਮਬੰਦੀ ਲਈ ਮੀਟਿੰਗਾਂ ਹੋ ਚੁੱਕੀਆਂ ਹਨ।

ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ ਕੌਮੀ ਖੇਤੀ ਮੰਡੀਕਰਨ ਨੀਤੀ ਦੇ ਖ਼ਿਲਾਫ਼, ਕਿਸਾਨਾਂ ਦੀ ਕਰਜ਼ਾ ਮੁਕਤੀ, ਐਮਐਸਪੀ ਤੇ ਸਾਰੀਆਂ ਫਸਲਾਂ ਦੀ ਖ੍ਰੀਦ ਦੀ ਗਰੰਟੀ ਦਾ ਕਾਨੂੰਨ ਬਣਾਉਣ ਅਤੇ ਦਿੱਲੀ ਅੰਦੋਲਨ ਵੇਲੇ ਦੀਆਂ ਰਹਿੰਦੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ 04 ਜਨਵਰੀ 2025 ਨੂੰ ਹਰਿਆਣਾ ਦੇ ਟੋਹਾਣਾ ਸ਼ਹਿਰ ਵਿਖੇ ਅਤੇ 9 ਜਨਵਰੀ ਨੂੰ ਮੋਗਾ ਵਿਖੇ ਵਿਸ਼ਾਲ ਕਿਸਾਨ ਕਾਨਫਰੰਸਾਂ ਕਰਨ ਦਾ ਐਲਾਨ ਕੀਤਾ ਗਿਆ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਇਹਨਾਂ ਕਿਸਾਨ ਕਾਨਫਰੰਸਾਂ ਵਿੱਚ ਪੂਰੇ ਜ਼ੋਰ ਨਾਲ ਸ਼ਮੂਲੀਅਤ ਕਰੇਗੀ। ਇਸ ਤੋਂ ਇਲਾਵਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਜਾਣ ਬੁੱਝ ਕੇ ਅਣਗੌਲਿਆਂ ਕੀਤਾ ਜਾ ਰਿਹਾ ਹੈ। ਜਥੇਬੰਦੀ ਨੇ ਮੰਗ ਕੀਤੀ ਕਿ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਤੁਰੰਤ ਗੱਲਬਾਤ ਸ਼ੁਰੂ ਕਰੇ, ਦਿੱਲੀ ਜਾਣ ਦੀ ਕੋਸ਼ਿਸ਼ ਕਰਨ ਵਾਲੇ ਕਿਸਾਨਾਂ ਤੇ ਜਬਰ ਬੰਦ ਕਰੇ ਅਤੇ ਐੱਮਐੱਸਪੀ ਸਮੇਤ ਕਿਸਾਨਾਂ ਦੀਆਂ ਹੋਰ ਮੰਗਾਂ ਮੰਨੇ।

ਵੱਖ-ਵੱਖ ਥਾਵਾਂ 'ਤੇ ਕੁਲਵੰਤ ਸਿੰਘ ਕਿਸ਼ਨਗੜ੍ਹ, ਅਮਨਦੀਪ ਸਿੰਘ ਲਲਤੋਂ, ਹਰੀਸ਼ ਨੱਢਾ ਲਾਧੂਕਾ, ਮੱਖਣ ਸਿੰਘ ਭੈਣੀ ਬਾਘਾ, ਬੀਬੀ ਅੰਮ੍ਰਿਤਪਾਲ ਕੌਰ, ਜਗਤਾਰ ਸਿੰਘ ਦੇਹੜਕਾ, ਜਗੀਰ ਸਿੰਘ ਫਿਰੋਜ਼ਪੁਰ, ਜਸਕਰਨ ਸਿੰਘ ਮੋਰਾਂਵਾਲੀ, ਕੁਲਵੰਤ ਸਿੰਘ ਮਾਨ, ਹਰਵਿੰਦਰ ਸਿੰਘ ਕੋਟਲੀ, ਹਰਮੀਤ ਸਿੰਘ ਫਾਜ਼ਿਲਕਾ, ਰਣਧੀਰ ਸਿੰਘ ਭੱਟੀਵਾਲ, ਲਖਵੀਰ ਸਿੰਘ ਅਕਲੀਆ, ਗੁਰਦੀਪ ਸਿੰਘ ਖੁੱਡੀਆਂ, ਸੁਖਚੈਨ ਸਿੰਘ ਰਾਜੂ, ਬੂਟਾ ਖਾਨ ਮਲੇਰ ਕੋਟਲਾ, ਰਾਣਾ ਹਰਜਿੰਦਰ ਸਿੰਘ ਸੈਦੋਵਾਲ, ਗੁਲਜਾਰ ਸਿੰਘ ਕਬਰਵੱਛਾ ਅਤੇ ਜੁਗਰਾਜ ਸਿੰਘ ਹਰਦਾਸਪੁਰਾ ਨੇ ਇਹਨਾਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਮੋਦੀ ਹਕੂਮਤ ਦੀ ਖੇਤੀ ਖੇਤਰ ਨੂੰ ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਤਹਿਤ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਨੀਤੀ ਵਿਰੁੱਧ ਸੰਘਰਸ਼ ਨੂੰ ਵਿਸ਼ਾਲ ਅਤੇ ਤੇਜ਼ ਕਰਨ ਦੀ ਲੋੜ ਤੇ ਜ਼ੋਰ ਦਿੱਤਾ।